

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਸ਼ਨਿਚਰਵਾਰ, 21 ਅਗਸਤ 2021

ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ' ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।

0181-2211009

R.N.I. Punpun/29016/2008 ☆ ਸਾਲ : 14 ☆ ਅੰਕ : 203 ☆ ਮੁੱਲ : 2.00 ਰੁਪਏ ☆ ਕੁੱਲ ਪੇਜ਼ : 10 ☆ ਫੈਕਸ : 0181-2211009 ☆ M. 99155-94111


## ਜਲੰਧਰ : ਟਿਫਨ ਬੰਬ ਮਿਲਣ ਦੇ ਮਾਮਲੇ 'ਚ ਐੱਨ.ਆਈ.ਏ. ਦੀ ਵੱਡੀ ਕਾਰਵਾਈ, ਜਸਬੀਰ ਰੋਡੇ ਦਾ ਪੁੱਤਰ ਗ੍ਰਿਫ਼ਤਾਰ

**ਜਲੰਧਰ/ਰਕੇਸ਼ ਵਰਮਾ**

ਜਲੰਧਰ 'ਚ ਇੰਟੈਲੀਜੈਂਸ ਅਤੇ ਪੰਜਾਬ ਪੁਲਸ ਨੇ ਮਿਲ ਕੇ ਵੱਡੀ ਰੇਡ ਕੀਤੀ ਹੈ। ਪਤਾ ਲੱਗਾ ਹੈ ਕਿ ਗੜ੍ਹਾ ਰੋਡ ਸਥਿਤ ਇਕ ਵੱਡੇ ਹਸਪਤਾਲ ਦੇ ਕੋਲ ਰਹਿੰਦੇ ਇਕ ਵਿਅਕਤੀ ਦੇ ਘਰ 'ਚ ਰੇਡ ਕੀਤੀ ਗਈ ਹੈ। ਪੁਲਸ ਦੇ ਸੂਤਰਾਂ ਮੁਤਾਬਕ ਪਿਛਲੇ ਦਿਨੀਂ ਅੰਮ੍ਰਿਤਸਰ 'ਚ ਬਰਾਮਦ ਕੀਤੇ ਗਏ ਟਿਫਨ ਬੰਬ ਦੇ ਤਾਰ ਜਲੰਧਰ ਨਾਲ ਜੁੜੇ ਪਾਏ ਗਏ ਹਨ ਇਸ ਦੇ ਨਾਲ ਹੀ ਪਾਕਿਸਤਾਨ ਦਾ ਕੁਨੈਕਸ਼ਨ ਵੀ ਸਾਹਮਣੇ ਆਇਆ ਹੈ।

**ਮੌਕੇ ਤੋਂ ਬਰਾਮਦ ਹੋਏ 4 ਹੈਂਡ ਗ੍ਰਨੇਡ ਅਤੇ ਟਿਫਨ ਬੰਬ**

ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਗੜ੍ਹਾ ਰੋਡ 'ਤੇ ਰਹਿੰਦੇ ਜਸਬੀਰ ਸਿੰਘ ਰੋਡੇ ਦੇ ਘਰ ਰੇਡ ਕੀਤੀ ਅਤੇ ਉਸ ਦੇ ਬੇਟੇ ਗੁਰਮੁਖ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਪੰਜਾਬ ਪੁਲਸ ਵੱਲੋਂ ਦੋ ਮੁੱਖ ਕਾਰਕੁੰਨਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਮੌਕੇ ਤੋਂ ਪੁਲਸ ਨੂੰ ਚਾਰ ਹੈਂਡ ਗ੍ਰਨੇਡ, ਇਕ ਟਿਫਨ ਬੰਬ ਆਰ. ਡੀ. ਐੱਕਸ ਵੀ ਮਿਲੇ ਹਨ। ਦੱਸਿਆ ਜਾ ਰਿਹਾ ਹੈ ਕਿ ਗੁਰਮੁਖ ਸਿੰਘ ਦਾ ਪਿਤਾ ਪਹਿਲਾਂ ਅੱਤਵਾਦੀ ਮਾਮਲਿਆਂ 'ਚ ਵਿਵਾਦਤ ਰਿਹਾ ਹੈ। ਹਾਲ ਹੀ 'ਚ ਇਨ੍ਹਾਂ ਦੇ ਘਰ 'ਤੇ ਐੱਨ. ਆਈ. ਏ. ਨੇ ਵੀ ਨੋਟਿਸ ਭੇਜਿਆ ਸੀ।



ਖ਼ਬਰ ਮਿਲੀ ਹੈ ਕਿ ਅੰਮ੍ਰਿਤਸਰ 'ਚ ਜੋ ਟਿਫਨ ਬੰਬ ਮਿਲਿਆ ਸੀ, ਉਨ੍ਹਾਂ 'ਚ ਕੁਝ ਲੋਕਾਂ ਦੀ ਗ੍ਰਿਫਤਾਰੀ ਹੋਈ ਸੀ, ਜਿਨ੍ਹਾਂ ਨੇ ਜਲੰਧਰ ਦੇ ਇਸ ਨੌਜਵਾਨ ਦਾ ਨਾਂ ਲਿਆ ਸੀ। ਇਕ ਪ੍ਰੈਸ ਰਿਲੀਜ ਵਿੱਚ ਵੇਰਵੇ ਦਿੰਦਿਆਂ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਕਪੂਰਥਲਾ ਪੁਲਸ ਨੇ ਗਗਨਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ 73-ਬੀ, ਗਲੀ ਨੰਬਰ 02 ਗੁਰੂਨਾਨਕ ਪੁਰਾ ਫਗਵਾੜਾ ਨੂੰ ਗ੍ਰਿਫਤਾਰ ਕੀਤਾ ਅਤੇ ਉਸ ਕੋਲੋਂ ਇਕ ਨਾਜਾਇਜ ਪਿਸਤੌਲ ਬਰਾਮਦ ਕੀਤਾ। ਪੁੱਛਗਿੱਛ ਦੌਰਾਨ ਗਗਨ ਨੇ ਖੁਲਾਸਾ ਕੀਤਾ ਕਿ ਉਸ ਕੋਲੋਂ ਬਰਾਮਦ ਕੀਤਾ ਗਿਆ ਪਿਸਤੌਲ ਹਥਿਆਰਾਂ ਦੀ ਵੱਡੀ ਖੇਪ ਦਾ ਹਿੱਸਾ ਸੀ, ਜੋ ਕਿ ਸਰਹੱਦ ਪਾਰੋਂ ਪਿਛਲੇ ਕੁਝ ਮਹੀਨਿਆਂ ਵਿੱਚ ਡਰੋਨ ਰਾਹੀਂ ਭੇਜੀ ਗਈ ਸੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਖੇਪ ਦਾ ਵੱਡਾ ਹਿੱਸਾ ਜਲੰਧਰ ਦੇ ਗੁਰਮੁਖ ਸਿੰਘ ਨੇ ਲੁਕਾਇਆ ਸੀ। ਪੁਲਸ ਟੀਮਾਂ ਨੇ ਤੇਜੀ ਨਾਲ ਕਾਰਵਾਈ ਕਰਦੇ ਹੋਏ ਤੁਰੰਤ ਗੁਰਮੁਖ ਸਿੰਘ ਦੇ ਘਰ ਛਾਪਾ ਮਾਰਿਆ ਅਤੇ ਉਸ ਨੂੰ ਉਸ ਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਅਤੇ 2 ਜੀਂਦਾ ਹੈਂਡ ਗ੍ਰਨੇਡ, 1 ਡੈਟੋਨੇਟਰ ਦਾ ਡੱਬਾ, 2 ਐਕਸ ਟਿਊਬ, ਇਕ ਉੱਚ ਵਿਸਫੋਟਕ ਪੀਲੀ ਤਾਰ , 3.75 ਲੱਖ ਰੁਪਏ ਲਗਭਗ ਭਾਰਤੀ ਕਰੰਸੀ ਬਰਾਮਦ ਕੀਤੀ। ਇਸ ਦੇ ਨਾਲ ਹੀ ਇਕ ਲਾਇਸੈਂਸਸੁਦਾ ਹਥਿਆਰ, 14 ਭਾਰਤੀ ਪਾਸਪੋਰਟ, ਇਕ ਪਿਸਤੌਲ, 2 ਮੈਗਜੀਨਾਂ ਸਮੇਤ, 5 ਜੀਂਦਾ ਗੋਲੀਆਂ ਉਸ ਪਾਸੋਂ ਬਰਾਮਦ ਕੀਤੀਆਂ। ਉਨ੍ਹਾਂ ਅੱਗੇ ਖੁਲਾਸਾ ਕੀਤਾ ਕਿ ਇਕ ਜੀਂਦਾ ਟਿਫਨ ਬੰਬ ਅਤੇ ਹੋਰ ਵਿਸਫੋਟਕ ਸਮੱਗਰੀ ਬੱਸ ਸਟੈਂਡ ਜਲੰਧਰ ਦੇ ਨੇੜੇ ਉਸ ਦੇ ਦਫਤਰ ਵਿੱਚ ਲੁਕਾਈ ਹੋਈ ਸੀ। ਪੁਲਸ ਟੀਮਾਂ ਨੇ ਤੁਰੰਤ ਗੁਰਮੁਖ ਸਿੰਘ ਦੇ ਦਫਤਰ 'ਤੇ ਛਾਪਾ ਮਾਰਿਆ ਅਤੇ ਤਲਾਸੀ ਦੌਰਾਨ ਉਥੋਂ 3 ਜੀਂਦਾ ਹੈਂਡ ਗ੍ਰਨੇਡ, 1 ਟਿਫਨ ਬੰਬ, 4 ਪਿਸਤੌਲ ਮੈਗਜੀਨ ਅਤੇ ਪੈਕੇਜਿੰਗ ਸਮਗਰੀ ਬਰਾਮਦ ਕੀਤੀ।

## 12 ਮਜਦੂਰਾਂ ਦੀ ਮਹਾਰਾਸ਼ਟਰ ਵਿਚ ਸੜਕ ਹਾਦਸੇ 'ਚ ਮੌਤ ਹੋਈ



**ਮੁਬੰਈ/ਲੋਕ ਬਾਣੀ**

ਮਹਾਰਾਸ਼ਟਰ ਦੇ ਬੁਲਢਾਨਾ ਜਲ੍ਹਿ ਵਿੱਚ ਇਕ ਵਾਹਨ ਦੇ ਪਲਟ ਜਾਣ ਕਾਰਨ 13 ਮਜਦੂਰਾਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਸਿੰਧਖੇਡਰਾਜਾ-ਮਹਿਕਾਰ ਸੜਕ 'ਤੇ ਪਿੰਡ ਦੁਸਾਰਬਿਦ ਨੇੜੇ ਅੱਜ ਦੁਪਹਿਰ ਵੇਲੇ ਵਾਪਰਿਆ। ਇਹ ਸਾਰੇ ਮਜਦੂਰ ਯੂਪੀ ਤੇ ਬਿਹਾਰ ਨਾਲ ਸਬੰਧਤ ਸਨ। ਮਜਦੂਰਾਂ ਨੂੰ ਨਾਗਪੁਰ-ਮੁੰਬਈ ਸਮਰੁੱਧੀ ਐਕਸਪ੍ਰੈਸ ਪ੍ਰਾਜੈਕਟ ਦੀ ਉਸਾਰੀ ਲਈ ਲਿਜਾਇਆ ਜਾ ਰਿਹਾ ਸੀ। ਵਾਹਨ ਵਿੱਚ ਕੁੱਲ 16 ਮਜਦੂਰ ਸਵਾਰ ਸਨ ਤੇ ਵਾਹਨ ਵਿੱਚ ਸੜਕ ਉਸਾਰੀ ਲਈ ਸਮੱਗਰੀ ਵੀ ਲਿਜਾਈ ਜਾ ਰਹੀ ਸੀ। ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਪ੍ਰਤੀ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਅਤੇ ਜਖਮੀਆਂ ਨੂੰ 50-50 ਹਜਾਰ ਰੁਪਏ ਮੁਆਵਜਾ ਦੇਣ ਦਾ ਐਲਾਨ ਕੀਤਾ ਹੈ।

## ਆਈਟੀਬੀਪੀ ਦੇ 2 ਅਧਿਕਾਰੀਆਂ ਦੀ ਨਕਸਲੀ ਹਮਲੇ ਵਿਚ ਹੋਈ ਮੌਤ



**ਨਰਾਇਣਪੁਰ/ਲੋਕ ਬਾਣੀ**

ਛੱਤਿਸਗੜ੍ਹ ਦੇ ਨਰਾਇਣਪੁਰ ਜਲ੍ਹਿ ਵਿੱਚ ਨਕਸਲੀ ਹਮਲੇ ਕਾਰਨ ਆਈਟੀਬੀਪੀ ਦੇ ਸਹਾਇਕ ਕਮਾਂਡਰ ਤੇ ਉਸ ਦੇ ਸਹਿਕਰਮੀ ਦੀ ਮੌਤ ਹੋ ਗਈ ਹੈ। ਇਹ ਘਟਨਾ ਅੱਜ ਦੁਪਹਿਰ 12.10 'ਤੇ ਆਈਟੀਬੀਪੀ ਦੀ 45ਵੀਂ ਬਟਾਲੀਅਨ ਦੇ ਕਾਦੇਮੇਤਾ ਕੈਂਪ ਨੇੜੇ ਵਾਪਰੀ। ਇਹ ਇਲਾਕਾ ਛੋਟੇਡੋਂਗਰ ਪੁਲੀਸ ਸਟੇਸ਼ਨ ਅਧੀਨ ਆਉਂਦਾ ਹੈ। ਬਸਤਰ ਰੇਂਜ ਦੇ ਇੰਸਪੈਕਟ-ਜਨਰਲ ਸੁੰਦਰ ਰਾਜ ਨੇ ਦੱਸਿਆ ਕਿ ਆਈਟੀਬੀਪੀ ਦੀ 45ਵੀਂ ਬਟਾਲੀਅਨ ਆਪਣੇ ਕੈਂਪ ਤੋਂ 600 ਮੀਟਰ ਦੂਰ ਨਕਸਲੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤੇ ਨਕਸਲੀਆਂ ਨੇ ਗੋਲੀਬਾਰੀ ਕਰ ਦਿੱਤੀ। ਇਸ ਹਮਲੇ ਕਾਰਨ ਸਹਾਇਕ ਕਮਾਂਡੈਂਟ ਸੁਧਾਕਰ ਸ਼ਿੰਦੇ ਤੇ ਸਹਾਇਕ ਸਬ-ਇੰਸਪੈਕਟਰ ਗੁਰਮੁੱਖ ਸਿੰਘ ਦੀ ਮੌਤ ਹੋ ਗਈ।



## ਕੇਂਦਰ ਸਰਕਾਰ ਅੱਗੇ ਵਿਰੋਧੀ ਧਿਰਾ ਨੇ 11 ਮੰਗਾਂ ਰੱਖੀਆਂ



**ਨਵੀਂ ਦਿੱਲੀ/ਕਪੂਰ :** ਕਾਂਗਰਸ ਸਮੇਤ 19 ਵਿਰੋਧੀ ਧਿਰਾਂ ਨੇ ਪੈਗਾਸਸ ਜਾਸੂਸੀ ਮਾਮਲਾ, ਕਿਸਾਨ ਅੰਦੋਲਨ, ਮਹਿੰਗਾਈ ਅਤੇ ਕਈ ਹੋਰ ਮੁੱਦਿਆਂ ਨੂੰ ਲੈ ਕੇ ਅੱਜ ਕੇਂਦਰ ਸਰਕਾਰ 'ਤੇ ਹਮਲਾ ਕੀਤਾ ਹੈ। ਉਨ੍ਹਾਂ 11 ਸੂਤਰੀ ਮੰਗ ਰੱਖਦਿਆਂ ਕਿਹਾ ਕਿ ਉਹ ਸਰਕਾਰ ਦੀਆਂ ਨੀਤੀਆਂ ਖਲਿਾਫ 20 ਤੋਂ 30 ਸਤੰਬਰ ਤੱਕ ਦੇਸ਼ ਪੱਧਰੀ ਪ੍ਰਦਰਸ਼ਨ ਕਰਨਗੇ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਬੁਲਾਈ ਗਈ ਵਰਚੁਅਲੀ ਮੀਟਿੰਗ ਮਗਰੋਂ ਵਿਰੋਧੀ ਧਿਰਾਂ ਦੇ ਆਗੂਆਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਕਿ ਸਰਕਾਰ ਪੈਗਾਸਸ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਜਾਂਚ ਕਰਵਾਏ, ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰੇ, ਮਹਿੰਗਾਈ 'ਤੇ ਲਗਾਮ ਕਸੇ ਅਤੇ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰੇ। ਉਨ੍ਹਾਂ ਕਿਹਾ, "ਅਸੀਂ ਕੇਂਦਰ ਸਰਕਾਰ ਅਤੇ ਸੱਤਾਧਾਰੀ ਪਾਰਟੀ ਦੇ ਉਸ ਰਵੱਈਏ ਦੀ ਨਿਖੇਧੀ ਕਰਦੇ ਹਾਂ, ਜਿਸ ਤਰ੍ਹਾਂ ਉਸ ਨੇ ਮੌਨਸੂਨ ਸੈਸ਼ਨ ਦੌਰਾਨ ਅੜਿੱਕਾ ਪਾਇਆ, ਪੈਗਾਸਸ ਫੌਜੀ ਸਪਾਈਵੇਅਰ ਦੀ ਗੈਰ-ਕਾਨੂੰਨੀ ਵਰਤੋਂ 'ਤੇ ਬਹਿਸ ਕਰਵਾਉਣ ਜਾਂ ਜਵਾਬ ਦੇਣ ਤੋਂ ਇਨਕਾਰ ਕੀਤਾ, ਖੇਤੀ ਵਿਰੋਧੀ ਤਿੰਨ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ, ਕੋਵਿਡ ਮਹਾਮਾਰੀ ਦੇ ਕੁਪ੍ਰਬੰਧ, ਮਹਿੰਗਾਈ ਅਤੇ ਬੇਰੁਜਗਾਰੀ ਬਾਰੇ ਚਰਚਾ ਨਹੀਂ ਕਰਵਾਈ।" ਉਨ੍ਹਾਂ ਇਹ ਵੀ ਮੰਗ ਕੀਤੀ ਕਿ ਭੀਮਾ ਕੋਰੇਗਾਓਂ ਮਾਮਲੇ ਅਤੇ ਸੀਏਏ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਯੂਏਪੀਏ ਕਾਨੂੰਨ ਤਹਿਤ ਗ੍ਰਿਫਤਾਰ ਕੀਤੇ ਲੋਕਾਂ ਸਮੇਤ ਸਾਰੇ 'ਸਿਆਸੀ ਕੈਦੀਆਂ' ਨੂੰ ਰਿਹਾਅ ਕੀਤਾ ਜਾਵੇ।

## ਲੌਂਗੋਵਾਲ ਜੀ ਨੂੰ ਸ਼ਰਧਾਂਜਲੀ ਦੇਣ ਆਏ ਨੇਤਾਵਾਂ ਨੂੰ ਕਿਸਾਨਾਂ ਨੇ ਘੇਰਿਆ

**ਸੰਗਰੂਰ/ਵਰਮਾ**

ਲੌਂਗੋਵਾਲ 'ਚ ਅੱਜ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਰੱਖੇ ਸਮਾਗਮ 'ਚ ਪੁੱਜੇ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਨੂੰ ਜਿਥੇ ਸੈਂਕੜੇ ਕਿਸਾਨਾਂ ਦੇ ਜਬਰਦਸਤ ਰੋਹ ਦਾ ਸਾਹਮਣਾ ਕਰਨਾ ਪਿਆ, ਉਥੇ ਕਿਸਾਨਾਂ ਵੱਲੋਂ ਸੀਨੀਅਰ ਅਕਾਲੀ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਮਾਗਮ ਵਿੱਚ ਦਾਖਲ ਹੀ ਨਹੀਂ ਹੋਣ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਕਿਸਾਨਾਂ ਦੇ ਘੇਰੇ 'ਚੋਂ ਨਿਕਲ ਕੇ ਬੈਰੰਗ ਪਰਤਣਾ ਪਿਆ। ਵੱਡੀ ਤਾਦਾਦ 'ਚ ਇਕੱਠੇ ਹੋਏ ਕਿਸਾਨਾਂ ਵੱਲੋਂ ਸਿਆਸੀ ਲੀਡਰਾਂ ਦਾ ਕਾਲੇ ਝੰਡਿਆਂ ਨਾਲ ਜਬਰਦਸਤ ਵਿਰੋਧ ਕੀਤੇ ਜਾਣ ਕਾਰਨ ਦੁਪਹਿਰ ਤੱਕ ਲੌਂਗੋਵਾਲ 'ਚ ਮਾਹੌਲ ਤਣਾਅਪੂਰਨ ਬਣਿਆ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀ ਦੇਣ ਪੁੱਜਣਾ ਸੀ, ਪਰ ਕਿਸਾਨਾਂ ਦੇ ਵਿਰੋਧ ਕਾਰਨ ਉਨ੍ਹਾਂ ਲੌਂਗੋਵਾਲ ਦੌਰਾ ਰੱਦ ਕਰ ਦਿੱਤਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਲੌਂਗੋਵਾਲ ਅਤੇ ਜ਼ਿਲ੍ਹਾ ਕਨਵੀਨਰ ਜਸਦੀਪ ਸਿੰਘ ਬਹਾਦਰਪੁਰ ਨੇ ਕਿਹਾ ਕਿ ਸਿਆਸਤਦਾਨ ਸੰਤ ਲੌਂਗੋਵਾਲ ਦੀ ਬਰਸੀ 'ਤੇ ਸਿਆਸੀ ਰੋਟੀਆਂ ਸੇਕਣ ਆਏ ਸੀ, ਜਿਨ੍ਹਾਂ ਦਾ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਬਰੂਹਾਂ 'ਤੇ ਅੰਦੋਲਨ ਦੌਰਾਨ 600 ਕਿਸਾਨ ਸ਼ਹੀਦ ਹੋ ਚੁੱਕੇ ਹਨ। ਸਿਆਸੀ ਆਗੂ ਕਿਸਾਨਾਂ ਨਾਲ ਖੜ੍ਹਨ ਦੀ ਬਜਾਏ ਚੋਣਾਂ ਦਾ ਮਾਹੌਲ ਬਣਾਉਣਾ ਚਾਹੁੰਦੇ ਹਨ।


ੴ ਵਾਹਿਗੁਰੂ ਜੀ ਕੀ ਫਤਹਿ ॥

www.sbdjlongowal.com

01672-280063 (O)
E-mail :sbds94@yahoo.com

**Shaheed Bhai Diala Ji Public School**

(SENIOR SECONDARY)

V. LONGOWAL (Opp. SLIET) Distt. Sangrur (Punjab)

(Affiliated to C.B.S.E. New Delhi, School Affiliation No. 1630197)



ਆਧੁਨਿਕ ਤਕਨੀਕ ਅਤੇ ਮਨੋਵਿਗਿਆਨਿਕ ਸਿੱਖਿਆ ਦੇ ਆਦਰਸ਼ਕ ਮਾਪਦੰਡਾਂ ਤੇ ਆਧਾਰਤ ਕੰਮ ਕਰ ਰਹੀ ਸਮੁੱਚੇ ਇਲਾਕੇ ਦੀ ਇੱਕੋ ਇੱਕ ਉਚ ਮਿਆਰੀ ਸੰਸਥਾ ਵੱਲੋਂ ਅਮਨ ਤੇ ਸ਼ਾਂਤੀ ਦੇ ਪੁੰਜ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਉਨ੍ਹਾਂ ਦੀ 37 ਵੀਂ ਬਰਸੀ ਦੇ ਮੌਕੇ ਤੇ ਨਮਨ ਸਹਿਤ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਲਾਸਾਨੀ ਸ਼ਹੀਦ ਭਾਈ ਦਿਆਲਾ ਜੀ

ਪ੍ਰਿੰ: ਨਰਪਿੰਦਰ ਸਿੰਘ ਢਿੱਲੋਂ, ਚੇ: ਮਹਿੰਦਰ ਸਿੰਘ ਦੁੱਲਟ



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਨਜਾਇਜ਼ ਉਸਾਰੀਆਂ ਤੇ ਚੱਲਿਆ ਨਗਰ ਕੌਂਸਲ ਦਾ ਪੀਲਾ ਪੰਜਾ, 4 ਦੁਕਾਨਾਂ ਨੂੰ ਤੋੜਿਆ ਗਿਆ



**ਸੁਨਾਮ/ਵਰਮਾ**

ਸੁਨਾਮ ਸ਼ਹਿਰ ਵਿੱਚ ਚੱਲ ਰਹੀਆਂ ਨਾਜਾਇਜ ਉਸਾਰੀਆਂ ਤੇ ਨਗਰ ਕੌਂਸਲ ਦੇ ਨਵੇਂ ਬਣੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ ਵੱਲੋਂ ਸਖਤ ਐਕਸ਼ਨ ਲਿਆ ਜਾ ਰਿਹਾ ਹੈ। ਜਿਸ ਦੇ ਚਲਦਿਆਂ ਸਿਨੇਮਾ ਰੋਡ ਤੇ ਨਵੀਂਆਂ ਬਣ ਰਹੀਆਂ ਚਾਰ ਦੁਕਾਨਾਂ ਦੇ ਬਾਹਰ ਨਾਜਾਇਜ ਉਸਾਰੀ ਕੀਤੀ ਜਾ ਰਹੀ ਸੀ। ਜਿਸ ਬਾਬਤ ਨਗਰ ਕੌਂਸਲ ਅਧਿਕਾਰੀਆਂ ਨੇ ਦੁਕਾਨ ਮਾਲਕਾਂ ਨੂੰ ਨੋਟਿਸ ਕੱਢੇ ਗਏ ਸਨ ਅਤੇ ਨਾਜਾਇਜ ਉਸਾਰੀਆਂ ਨੂੰ ਢਾਹੁਣ ਦਾ ਹੁਕਮ ਜਾਰੀ ਕੀਤਾ ਗਿਆ ਸੀ। ਪਰ ਦੁਕਾਨ ਮਾਲਕਾਂ ਵੱਲੋਂ ਨਾਜਾਇਜ ਉਸਾਰੀਆਂ ਨਹੀਂ ਰੋਕੀਆਂ ਗਈਆਂ। ਜਿਸ ਤੋਂ ਬਾਅਦ ਸ਼ੁੱਕਰਵਾਰ ਨੂੰ ਨਗਰ ਕੌਂਸਲ ਦੇ ਅਧਿਕਾਰੀਆਂ ਅਤੇ ਨਗਰ ਕੌਂਸਲ ਦੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ ਜੇ ਸੀ ਬੀ ਮਸ਼ੀਨ ਲੈ ਕੇ ਮੌਕੇ ਤੇ ਪੁੱਜੇ ਅਤੇ ਨਾਜਾਇਜ ਉਸਾਰੀਆਂ ਢਾਹ ਦਿੱਤੀਆਂ ਗਈਆਂ।

ਇਸ ਬਾਬਤ ਨਗਰ ਕੌਂਸਲ ਪ੍ਰਧਾਨ ਨਿਸ਼ਾਨ ਸਿੰਘ ਟੋਨੀ ਨੇ ਜਾਣਕਾਰੀ ਦਿੱਤੀ ਕਿ ਨਕਸ਼ੇ ਅਨੁਸਾਰ ਦੁਕਾਨਾਂ ਦੀ ਉਸਾਰੀ ਨਹੀਂ ਕੀਤੀ ਜਾ ਰਹੀ ਸੀ। ਜਿਸ ਕਾਰਨ ਦੁਕਾਨ ਮਾਲਕਾਂ ਨੂੰ ਨੋਟਿਸ ਜਾਰੀ ਕਰਕੇ ਇਤਲਾਹ ਦਿੱਤੀ ਗਈ ਸੀ ਕਿ ਨਾਜਾਇਜ ਉਸਾਰੀਆਂ ਬੰਦ ਕੀਤੀਆਂ ਜਾਣ। ਅਜਿਹਾ ਨਾ ਕਰਨ ਤੇ ਤੁਹਾਡੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਰ ਦੁਕਾਨ ਮਾਲਕਾਂ ਨੇ ਨੋਟਿਸ ਦੀ ਪਰਵਾਹ ਕੀਤੇ ਬਗੈਰ ਨਾਜਾਇਜ ਉਸਾਰੀ ਦਾ ਕੰਮ ਜਾਰੀ ਰੱਖਿਆ। ਜਿਸ ਕਾਰਨ ਉਨ੍ਹਾਂ ਨੂੰ ਕਾਰਵਾਈ ਕਰਨੀ ਪਈ ਅਤੇ ਦੁਕਾਨਾਂ ਤੇ ਪੀਲਾ ਪੰਜਾ ਚਲਾਇਆ ਗਿਆ। ਨਿਸ਼ਾਨ ਸਿੰਘ ਟੋਨੀ ਨੇ ਇਹ ਵੀ ਕਿਹਾ ਕਿ ਸ਼ਹਿਰ ਵਿੱਚ ਕੋਈ ਵੀ ਨਾਜਾਇਜ਼ ਉਸਾਰੀ ਨਾ ਕਰੇ ਅਤੇ ਸਹੀ ਤਰੀਕੇ ਨਾਲ ਨਗਰ ਕੌਂਸਲ ਤੋਂ ਨਕਸ਼ਾ ਪਾਸ ਕਰਵਾ ਕੇ ਨਕਸ਼ੇ ਮੁਤਾਬਿਕ ਬਿਲਡਿੰਗਾਂ ਜਾਂ ਦੁਕਾਨਾਂ ਬਣਾਈਆਂ ਜਾਣ। ਦੂਜੇ ਪਾਸੇ ਜਦੋਂ ਦੁਕਾਨ ਮਾਲਕ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਨਗਰ ਕੌਂਸਲ ਵੱਲੋਂ ਨੋਟਿਸ ਜਾਰੀ ਕੀਤੇ ਗਏ ਸਨ। ਪਰ ਉਨ੍ਹਾਂ ਦਾ ਹੁਣ ਨੁਕਸਾਨ ਹੋ ਚੁੱਕਿਆ ਹੈ।

**■ ਸਹੀ ਤਰੀਕੇ ਨਾਲ ਨਕਸ਼ਾ ਪਾਸ ਕਰਵਾ ਕੇ ਉਸਾਰੀਆਂ ਕੀਤੀਆਂ ਜਾਣ : ਨਿਸ਼ਾਨ ਸਿੰਘ ਟੋਨੀ**

# ਆਖਿਰ ਕਿੱਥੇ ਰੁਕ ਗਈ ਮਲਟੀਸਪੈਸ਼ਲਿਟੀ ਹਸਪਤਾਲ ਤੇ ਟਰਾਮਾ ਸੈਂਟਰ ਲਈ ਜ਼ਾਰੀ ਹੋਈ ਰਾਸ਼ੀ




**ਬਰਨਾਲਾ/ਰਮਨਦੀਪ ਧਾਲੀਵਾਲ**

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਲੀਡਰਾਂ ਦੇ ਲਾਰੇ " ਨਾ ਵਿਆਹੇ , ਨਾ ਕੁਆਰੇ " ਜੀ ਹਾਂ ਸੱਚ-ਮੁੱਚ ਕਈ ਮਹੀਨੇ ਪਹਿਲਾਂ ਇਲਾਕੇ ਦੇ ਜਾਹਿਰ ਕਰਦਾ ਵਿਕਾਸ ਪੁਰਸ਼ ਵੱਲੋਂ ਇਲਾਕੇ ਦੇ ਲੋਕਾਂ ਲਈ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਟਰਾਮਾ ਸੈਂਟਰ ਦਾ ਛੇਤੀ ਹੀ ਨਿਰਮਾਣ ਸ਼ੁਰੂ ਕਰਨ ਦਾ ਦਾਅਵਾ ਇੱਕ ਚਿੱਠੀ ਜਾਰੀ ਕਰ, ਲੋਕਾਂ ਨੂੰ ਅਜਿਹਾ ਸਬਜਬਾਗ ਦਿਖਾਇਆ ਗਿਆ ਕਿ ਹਸਪਤਾਲ ਦੀ ਪ੍ਰਸਤਾਵਿਤ ਜਗ੍ਹਾ ਦੇ ਨੇੜਲੀਆਂ ਜਮੀਨਾਂ ਦੇ ਭਾਅ ਰਾਤੋ-ਰਾਤ ਅਸਮਾਨੀ ਚੜ੍ਹ ਗਏ ਅਤੇ ਜਮੀਨਾਂ ਦੇ ਮਾਲਿਕ ਭੰਗੜੇ ਪਾਉਣ ਲੱਗ ਪਏ ਸਨ। ਲੋਕਾਂ ਨੂੰ ਇੱਕ ਵਾਰ ਇਉਂ ਲੱਗਿਆ , ਜਿਵੇਂ ਮਹੀਨਿਆਂ ਨਹੀਂ, ਕੁੱਝ ਹਫਤਿਆਂ ਵਿੱਚ ਨੀਂਹ ਪੱਥਰ ਤੇ ਫਿਰ ਤੇਜ਼ੀ ਨਾਲ ਵੀਰਾਨ ਪਈ ਜਗ੍ਹਾ ਨੂੰ ਭਾਗ ਲੱਗ ਗਏ, ਛੇਤੀ ਹੀ ਉੱਥੇ ਕਿੱਧਰੇ ਜੀ.ਸੀ.ਬੀ ਮਸ਼ੀਨਾਂ, ਸੈਂਕੜਿਆਂ ਦੀ ਸੰਖਿਆ ਵਿੱਚ ਕੰਮ ਕਰਨ ਵਾਲਿਆਂ ਦੀਆਂ ਭੀੜਾਂ ਦਿਖਣ ਲੱਗ ਪੈਣਗੀਆਂ ਅਤੇ ਚੁਫੇਰੇ ਤੇਸੀਆਂ ਕਰੰਡੀਆਂ ਖੜ੍ਹਕਦੀਆਂ ਸੁਣਨਗੀਆਂ ।ਕਾਸ਼! ਲੋਕਾਂ ਲਈ ਇਹ ਸਭ ਕੁੱਝ ਫਿਲਹਾਲ ਸੁਪਨਾ ਬਣ ਕੇ ਹੀ ਰਹਿ ਗਿਆ। ਯਾਨੀ ਇਲਾਕੇ ਦੇ ਲੋਕਾਂ ਨੂੰ ਵਿਕਾਸ ਪੁਰਸ਼ ਦੇ ਦਿਖਾਏ ਸਬਜਬਾਗ ਦੇ ਹਕੀਕਤ ਹੋਣ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਹੈ ਯੂਨੀਕੋਨ ਬਿਲਡਰ ਵਾਲਿਆਂ ਨੇ ਲਾਇਆ ਬੋਰਡ, ਜਗ੍ਹਾ 'ਚ ਵੜੇ ਹੋਊ ਕਾਨੂੰਨੀ ਕਾਰਵਾਈ !ਨਗਰ ਕੌਂਸਲ ਦੀ ਮਾਲਿਕੀ ਦੀ ਅਤੇ ਯੂਨੀਕੋਨ ਬਿਲਡਰ ਵਾਲਿਆਂ ਦੀ ਕਾਬਿਜੀ ਵਾਲੀ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਟਰਾਮਾ ਸੈਂਟਰ ਦੀ ਪ੍ਰਸਤਾਵਿਤ ਜਗ੍ਹਾ ਸਬੰਧੀ ਨਗਰ ਕੌਂਸਲ ਬਰਨਾਲਾ ਵੱਲੋਂ ਮਤਾ ਪਾਸ ਕਰ ਦਿੱਤਾ ਗਿਆ ਹੈ। ਪਰੰਤੂ ਉਸ ਥਾਂ ਉੱਪਰ ਲੰਬੇ ਅਰਸੇ ਤੋਂ ਲੁੱਕ ਬਜਰੀ ਮਿਕਸਚਰ ਪਲਾਂਟ ਚਲਾ ਰਹੇ ਯੂਨੀਕੋਨ ਬਿਲਡਰ ਵਾਲਿਆਂ ਨੇ ਜਗ੍ਹਾ ਉੱਪਰ ਨਗਰ ਕੌਂਸਲ ਵੱਲੋਂ ਸੰਭਾਵਿਤ ਕਥਿਤ ਜਬਰੀ ਕਬਜਾ ਰੋਕਣ ਲਈ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ, ਜਿਹੜਾ ਫਿਲਹਾਲ ਅਦਾਲਤ ਵਿੱਚ ਵਿਚਾਰ ਅਧੀਨ ਹੈ। ਇੱਥੇ ਹੀ ਬੱਸ ਨਹੀਂ, ਯੂਨੀਕੋਨ ਬਿਲਡਰ ਵਾਲਿਆਂ ਵੱਲੋਂ ਪ੍ਰਸਤਾਵਿਤ ਹਸਪਤਾਲ ਵਾਲੀ ਜਗ੍ਹਾ ਤੇ ਇੱਕ ਸੂਚਨਾ ਬੋਰਡ ਲਾ ਦਿੱਤਾ ਕਿ ਇਹ ਜਗ੍ਹਾ ਯੂਨੀਕੋਨ ਬਿਲਡਰ ਦੀ ਹੈ, ਇਸ ਅੰਦਰ ਦਾਖਿਲ ਹੋਣ ਵਾਲੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹੱਲੇ ਤੱਕ ਜ਼ਾਰੀ ਨਹੀਂ ਹੋਈ, ਪ੍ਰਚਾਰੀ ਜਾ ਰਹੀ 40 ਕਰੋੜ ਦੀ ਰਾਸ਼ੀ ! ਮਲਟੀਸਪੈਸ਼ਲਿਟੀ ਹਸਪਤਾਲ ਅਤੇ ਟਰਾਮਾ ਸੈਂਟਰ ਬਣਾਏ ਜਾਣ ਦੇ ਬਿਆਨ ਦੇਣ ਵਾਲਿਆਂ ਵੱਲੋਂ ਸਮੇਂ ਸਮੇਂ ਇਹ ਵੀ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ 100 ਕਰੋੜ ਦੀ ਲਾਗਤ ਨਾਲ ਬਣਨ ਇਸ ਹਸਪਤਾਲ ਲਈ ਪਹਿਲੀ ਕਿਸ਼ਤ 40 ਕਰੋੜ ਰੁਪਏ ਦੀ ਰਾਸ਼ੀ ਜ਼ਾਰੀ ਹੋ ਚੁੱਕੀ ਹੈ। ਪਰੰਤੂ ਇਹ ਦਾਅਵਾ ਵੀ ਸਿਹਤ ਵਿਭਾਗ ਦੇ ਰਿਕਾਰਡ ਨਾਲ ਮੇਲ ਨਹੀਂ ਖਾ ਰਿਹਾ।ਕਈ ਦਿਨਾਂ ਤੋਂ ਇਸ ਤਰਾਂ ਦੀ ਚੁੰਝ ਚਰਚਾ ਚੱਲ ਰਹੀ ਸੀ ਕਿ 40 ਕਰੋੜ ਰੁਪਏ ਜਾਰੀ ਹੋਣ ਦੀ ਗੱਲ ਵਿੱਚ ਕੋਈ ਸਚਾਈ ਨਹੀਂ ਹੈ। ਇਸ ਦੀ ਹਕੀਕਤ ਜਾਣਨ ਲਈ ਸਿਹਤ ਕਾਰਪੋਰੇਸ਼ਨ ਪੰਜਾਬ ਦੇ ਡਾਇਰੈਕਟਰ ਡਾਕਟਰ ਗੁਰਿੰਦਰਬੀਰ ਸਿੰਘ ਨੂੰ ਜਦੋਂ 40 ਕਰੋੜ ਰੁਪਏ ਜ਼ਾਰੀ ਹੋਣ ਬਾਰੇ ਟੂਡੇ ਨਿਊਜ ਵੱਲੋਂ ਪੁੱਛਿਆ ਗਿਆ ਤਾਂ ਉਨਾਂ ਦੋ ਟੁੱਕ ਸ਼ਬਦਾਂ ਵਿੱਚ ਕਿਹਾ ਕਿ ਫਿਲਹਾਲ ਬਰਨਾਲਾ ਇਲਾਕੇ ਦੇ ਪ੍ਰਸਤਾਵਿਤ ਹਸਪਤਾਲ ਦੇ ਨਿਰਮਾਣ ਲਈ ਸਰਕਾਰ ਦੀ ਤਰਫੋਂ 40 ਕਰੋੜ ਰੁਪਏ ਦੀ ਕੋਈ ਰਾਸ਼ੀ ਸਿਹਤ ਕਾਰਪੋਰੇਸ਼ਨ ਨੂੰ ਜਾਰੀ ਨਹੀਂ ਕੀਤੀ ਗਈ।

**■ ਬਠਿੰਡਾ ਹਾਈਵੇ ਤੇ ਹੰਡਿਆਇਆ ਨੇੜੇ ਹਸਪਤਾਲ ਦੀ ਪ੍ਰਪੋਜਡ ਜਗ੍ਹਾ ਤੇ ਯੂਨੀਕੋਨ ਬਿਲਡਰ ਵਾਲਿਆਂ ਨੇ ਲਾਇਆ ਬੋਰਡ**

# ਪਿੰਡ ਝੰਡੇਚੱਕ 'ਚ ਕਾਰ ਦਾ ਸ਼ੀਸ਼ਾ ਤੋੜ ਕੇ ਚੋਰ ਕਾਰ ਸਮੇਤ ਹੋਏ ਫਰਾਰ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਦੀਨਾਨਗਰ ਹਲਕੇ ਚ ਚੋਰੀ ਦੀਆਂ ਵਾਰਦਾਤਾਂ ਹੋਣਾ ਜਾਂ ਲੁੱਟਾਂ ਖੋਹਾਂ ਹੋਣਾ ਕੋਈ ਨਵੀਂ ਗੱਲ ਨਹੀਂ ਪਹਿਲਾਂ ਵੀ ਇਸ ਹਲਕੇ ਚ, ਅਨੇਕਾਂ ਅਜਿਹੀਆਂ ਵਾਰਦਾਤਾਂ ਹੋ ਚੁੱਕੀਆਂ ਹਨ। ਬੀਤੀ ਰਾਤ ਪਿੰਡ ਝੰਡੇਚੱਕ ਚ ਜੀਟੀ ਰੋਡ ਤੇ ਗੈਰੇਜ ਚ ਲੱਗੀ ਕਾਰ ਦਾ ਸ਼ੀਸ਼ਾ ਤੋੜ ਕੇ ਚੋਰ ਗੱਡੀ ਲੈ ਕੇ ਫਰਾਰ ਹੋ ਗਏ । ਇਸ ਘਟਨਾ ਨਾਲ ਲੋਕਾਂ ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਓਧਰ ਘਟਨਾ ਸਬੰਧੀ ਕਾਰ ਦੇ ਮਾਲਕ ਨੇ ਇਸਦੀ ਸ਼ਿਕਾਇਤ ਥਾਣਾ ਦੀਨਾਨਗਰ ਵਿਚ ਦਰਜ ਕਰਵਾ ਦਿੱਤੀ ਹੈ।

ਪੀੜਤ ਜਸਵਿੰਦਰ ਸਰੰਗਲ ਵਾਸੀ ਝੰਡੇਚੱਕ ਨੇ ਦੱਸਿਆ ਕਿ ਰੋਜਾਨਾ ਦੀ ਤਰ੍ਹਾਂ ਆਪਣੀ ਸਵਿਫਟ ਕਾਰ ਨੰਬਰ 6 – 0086 ਨੂੰ ਆਪਣੇ ਘਰ ਦੇ ਬਾਹਰ ਬਣੇ ਗੈਰੇਜ ਚ ਲਗਾਇਆ ਹੋਇਆ ਸੀ ਜਦੋਂ ਮੈਂ ਸਵੇਰੇ ਉਠ ਕੇ ਦੇਖਿਆ ਤਾਂ ਗੱਡੀ ਗੈਰੇਜ ਵਿੱਚੋਂ ਗਾਇਬ ਸੀ। ਉਨ੍ਹਾਂ ਕਿਹਾ ਕਿ ਚੋਰਾਂ ਨੇ ਗੱਡੀ ਦਾ ਸੀਸ਼ਾ ਤੋੜਨ ਤੋਂ ਬਾਅਦ ਘਟਨਾ ਨੂੰ ਅੰਜਾਮ ਦਿੱਤਾ ਹੈ। ਉਨਾਂ ਕਿਹਾ ਕਿ ਘਟਨਾ ਦੀ ਸਾਰੀ ਵਾਰਦਾਤ ਸੀਸੀਟੀਵੀ ਕੈਮਰੇ ਚ ਕੈਦ ਹੋ ਗਈ ਹੈ ਜਿਸ ਸਬੰਧੀ ਥਾਣਾ ਦੀਨਾਨਗਰ ਚ ਦਰਖਾਸਤ ਦੇ ਦਿੱਤੀ ਗਈ ਹੈ।

ਓਧਰ ਜਦੋਂ ਇਸ ਸਬੰਧੀ ਦੀਨਾਨਗਰ ਦੇ ਡੀ ਐਸ ਪੀ ਮਹੇਸ਼ ਸੈਣੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਮੇਰੇ ਧਿਆਨ ਵਿਚ ਆ ਗਿਆ ਹੈ ਅਤੇ ਬਹੁਤ ਜਲਦੀ ਕਾਰ ਨੂੰ ਬਰਾਮਦ ਕਰ ਲਿਆ ਜਾਵੇਗਾ। ਇੱਥੇ ਜਿਕਰਯੋਗ ਹੈ ਕਿ ਜਿਸ ਜਗ੍ਹਾ ਤੋ ਇਹ ਕਾਰ ਚੋਰੀ ਕੀਤੀ ਗਈ ਹੈ ਇਸਦੇ ਨੇੜੇ ਪਹਿਲਾਂ ਵੀ ਇੱਕ ਕਰਿਆਨੇ ਦੀ ਦੁਕਾਨ ਤੇ ਲਗਾਤਾਰ 2 ਵਾਰ ਚੋਰੀ ਹੋ ਚੁੱਕੀ ਹੈ ਜਿਸ ਕਾਰਨ ਲੋਕਾਂ ਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

# ਸਵਰਗੀ ਮਨਜੀਤ ਕੌਰ ਜਨੂਹਾ ਸੰਬੰਧੀ ਹੋਇਆ ਸ਼ਰਧਾਂਜਲੀ ਸਮਾਗਮ



**ਸੰਗਰੂਰ/ਵਰਮਾ**

ਸੀਨੀਅਰ ਪੱਤਰਕਾਰ ਬਲਦੇਵ ਸਿੰਘ ਜਨੂਹਾ ਦੇ ਧਰਮ ਪਤਨੀ ਬੀਬੀ ਮਨਜੀਤ ਕੌਰ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੇ ਸੰਬੰਧੀ ਅੱਜ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਵੱਖੋ ਵੱਖ ਰਾਜਨੀਤਕ ਸਮਾਜਿਕ ਅਤੇ ਧਾਰਮਿਕ ਪਾਰਟੀਆਂ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕਰਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਸੰਗਰੂਰ ਦੇ ਮਹਿਲ ਮੁਬਾਰਕ ਗੁਰਦੁਆਰਾ ਸਾਹਿਬ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਸੱਤਾਧਾਰੀ ਕਾਂਗਰਸ ਪਾਰਟੀ , ਸ਼੍ਰੋਮਣੀ ਅਕਾਲੀ ਦਲ ਬਾਦਲ , ਸ਼੍ਰੋਮਣੀ ਅਕਾਲੀ ਦਲ ਸੰਯੁਕਤ , ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਅ), ਬਹੁਜਨ ਸਮਾਜ ਪਾਰਟੀ ਸਮੇਤ ਵੱਖ ਵੱਖ ਪਾਰਟੀਆਂ ਦੇ ਨੁਮਾਇੰਦਿਆਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਬੁਲਾਰਿਆਂ ਨੇ ਮਨਜੀਤ ਕੌਰ ਜੀ ਦੇ ਸਾਦੇ ਤੇ ਸਾਦਗੀ ਭਰੇ ਜੀਵਨ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਾਂਤ ਅਤੇ ਮਿਲਾਪੜੇ ਸੁਭਾਅ ਕਾਰਨ ਉਨ੍ਹਾਂ ਦੇ ਧੀਆਂ ਪੁੱਤਰਾਂ ਨੂੰ ਉਨ੍ਹਾਂ ਦੀ ਮਾਂ ਕਦੇ ਨਹੀਂ ਭੁੱਲੇਗੀ ਬੁਲਾਰਿਆਂ ਨੇ ਕਿਹਾ ਕਿ ਸਰਦਾਰ ਬਲਦੇਵ ਸਿੰਘ ਜਨੂਹਾ ਨੂੰ ਮਨਜੀਤ ਕੌਰ ਜੀ ਦੇ ਅਕਾਲ ਚਲਾਣੇ ਤੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਜੋ ਕਿਸੇ ਵੀ ਕੀਮਤ ਤੇ ਪੂਰਾ ਨਹੀਂ ਹੋ ਸਕੇਗਾ ਪਰ ਅਸੀਂ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਉਨ੍ਹਾਂ ਦੀ ਵਿਛੜੀ ਰੂਹ ਆਤਮਾ ਨੂੰ ਸ਼ਾਂਤੀ ਬਖਸ਼ਣ।

# ਪਿੰਡ ਕੱਤੋਵਾਲ ਤੋਂ ਵੱਡੀ ਗਿਣਤੀ 'ਚ ਫਗਵਾੜਾ ਧਰਨੇ ਲਈ ਕਿਸਾਨਾਂ ਦਾ ਕਾਫਲਾ ਹੋਇਆ ਰਵਾਨਾ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਗੰਨੇ ਦੀ ਕੀਮਤ ਚ ਵਾਧੇ ਨੂੰ ਲੈ ਕੇ ਕਿਸਾਨ ਸੰਘਰਸ਼ ਕਮੇਟੀ ਵਲੋਂ ਫਗਵਾੜਾ ਵਿਖੇ ਚੱਕਾ ਜਾਮ ਕਰਨ ਦਾ ਫੈਸਲਾ ਕੀਤਾ ਗਿਆ ਸੀ ਜਿਸ ਨੂੰ ਲੈ ਕੇ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਜਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਕੱਤੋਵਾਲ ਦੀ ਅਗਵਾਈ ਚ ਦੀਨਾਨਗਰ ਹਲਕੇ ਤੋਂ ਕਰੀਬ 250 ਕਾਰਾਂ ਦਾ ਕਾਫਲਾ ਫਗਵਾੜਾ ਨੂੰ ਰਵਾਨਾ ਹੋਇਆ। ਉਨਾਂ ਕਿਹਾ ਕਿ ਜਿੰਨੀ ਦੇਰ ਤੱਕ ਸਰਕਾਰ ਸਾਡੇ ਗੰਨੇ ਦੀ ਫਸਲ ਦਾ ਮੁੱਲ 400 ਰੁਪਏ ਨਹੀਂ ਕਰਦੀ ਉਦੋਂ ਤੱਕ ਇਹ ਸਘੰਰਸ਼ ਜਾਰੀ ਰਹੇਗਾ।



# ਡਾ. ਅੰਬੇਦਕਰ ਨਗਰ ਵੈਲਫੇਅਰ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਸਕੂਲ ਨੂੰ ਇੱਕ ਲਾਇਬਰੇਰੀ ਸਮਰਪਿਤ ਕੀਤੀ

**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅਗਰਵਾਲ**



ਨੈਸ਼ਨਲ ਚਾਈਲਡ ਲੇਬਰ ਪ੍ਰੋਜੈਕਟ (ਐਨ.ਸੀ.ਐਲ.ਪੀ.) ਸਕੂਲ ਦੇ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਦੇ ਮੰਤਵ ਨਾਲ, ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਅੱਜ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਡਾ. ਅੰਬੇਦਕਰ ਨਗਰ ਵੈਲਫੇਅਰ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਸਕੂਲ ਨੂੰ ਇੱਕ ਲਾਇਬਰੇਰੀ ਸਮਰਪਿਤ ਕੀਤੀ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ, ਸਹਾਇਕ ਕਮਿਸ਼ਨਰ (ਯ.ਟੀ.) ਡਾ. ਹਰਜਿੰਦਰ ਸਿੰਘ ਬੇਦੀ ਦੇ ਨਾਲ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਲਾਇਬਰੇਰੀ ਕਿਤਾਬਾਂ ਤੋਂ ਪ੍ਰਾਪਤ ਵਿਸ਼ਾਲ ਗਿਆਨ ਰਾਹੀਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਏਗੀ।

ਉਨ੍ਹਾਂ ਕਿਹਾ ਕਿ ਸਮਾਜ ਦੇ ਕਮਜ਼ੋਰ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਤੱਕ ਮਿਆਰੀ ਸਿੱਖਿਆ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਵਿਦਿਆਰਥੀਆਂ ਨੂੰ ਕਿਤਾਬਾਂ ਰਾਹੀਂ ਪੜ੍ਹਨ ਅਤੇ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਲੁਧਿਆਣਾ ਵਿੱਚ 32 ਐਨ.ਸੀ.ਐਲ.ਪੀ. ਸਕੂਲ ਹਨ ਅਤੇ 1500 ਬੱਚੇ ਇਨ੍ਹਾਂ ਸੰਸਥਾਵਾਂ ਵਿੱਚ ਪੜ੍ਹਦੇ ਹਨ ਅਤੇ ਐਲਾਨ ਕੀਤਾ ਕਿ ਐਨ.ਸੀ.ਐਲ.ਪੀ. ਸਕੂਲਾਂ ਵਿੱਚ ਐਨ.ਜੀ.ਓਜ਼ ਅਤੇ ਉਦਯੋਗਿਕ ਘਰਾਣਿਆਂ ਨਾਲ ਜੁੜ ਕੇ ਇੱਕ ਬੁੱਕ ਬੈਂਕ ਵਿਕਸਤ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਨੂੰ ਆਪਣੀ ਪਸੰਦ ਦੀਆਂ ਕਿਤਾਬਾਂ ਜ਼ਰੂਰ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਉਹ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਸਕਣ ਅਤੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰ ਸਕਣ। ਉਨ੍ਹਾਂ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਨੂੰ ਕਿਤਾਬਾਂ ਮੁਹੱਈਆ ਕਰਵਾਉਣ ਲਈ ਪੂਰੇ ਯਤਨ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਐਨ.ਸੀ.ਐਲ.ਪੀ. ਸਕੀਮ ਪਹਿਲੀ ਨਜ਼ਰ ਵਿੱਚ ਖਤਰਨਾਕ ਕਿੱਤਿਆਂ ਅਤੇ ਪ੍ਰਕਿਰਿਆਵਾਂ ਵਿੱਚ ਕੰਮ ਕਰਨ ਵਾਲੇ ਬੱਚਿਆਂ ਦੇ ਮੁੜ ਵਸੇਬੇ 'ਤੇ ਧਿਆਨ ਕੇਂਦਰਤ ਕਰਦਿਆਂ ਇੱਕ ਪ੍ਰਗਤੀਸ਼ੀਲ ਪਹੁੰਚ ਅਪਣਾਉਣ ਦੀ ਕੋਸ਼ਿਸ਼ ਕਰਦੀ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਖਤਰਨਾਕ ਕਿੱਤਿਆਂ ਦੇ ਬੱਚਿਆਂ ਨੂੰ ਇਨ੍ਹਾਂ ਕਿੱਤਿਆਂ ਤੋਂ ਵਾਪਸ ਮੋੜਿਆ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਵਿਸ਼ੇਸ਼ ਸਕੂਲਾਂ ਵਿੱਚ ਦਾਖਲ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਰਸਮੀ ਸਕੂਲਿੰਗ ਪ੍ਰਣਾਲੀ ਵਿੱਚ ਯੋਗ ਅਤੇ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਦਿਆਰਥੀਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਕਿਹਾ ਕਿ ਇਹ ਉਨ੍ਹਾਂ ਲਈ ਵਧੀਆ ਸਿੱਖਿਆ ਅਤੇ ਹੁਨਰ ਸਿਖਲਾਈ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਡਾ. ਸੁਰਜੀਤ ਸਿੰਘ, ਡਾ. ਮਨੀਤ ਦੀਵਾਨ ਅਤੇ ਹੋਰ ਹਾਜ਼ਰ ਸਨ। ਇਸੇ ਦੌਰਾਨ, ਐਨ.ਸੀ.ਐਲ.ਪੀ. ਸਕੂਲ, ਮੁੱਲਾਂਪੁਰ ਦਾਖਾ ਵਿੱਚ ਵੀ ਇਸੇ ਤਰ੍ਹਾਂ ਦੀ ਲਾਇਬਰੇਰੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਅਤੇ ਸਹਾਇਕ ਕਮਿਸ਼ਨਰ (ਯੂ.ਟੀ) ਡਾ. ਹਰਜਿੰਦਰ ਸਿੰਘ ਬੇਦੀ ਦੁਆਰਾ ਖੋਲ੍ਹੀ ਗਈ।


## ਟਾਟਾ ਸਟੀਲ ਨੇ ਹਰਿਆਣਾ ਦੇ ਰੋਹਤਕ ਵਿੱਚ ਆਪਣਾ ਪਹਿਲਾ ਸਟੀਲ ਰੀਸਾਈਕਲਿੰਗ ਪਲਾਂਟ ਸ਼ੁਰੂ ਕੀਤਾ

**ਲੁਧਿਆਣਾ/ਲੋਕ ਬਾਣੀ**

ਟਿਕਾਊ ਭਵਿੱਖ ਪ੍ਰਤੀ ਆਪਣੀ ਵਚਨਬੱਧਤਾ ਦੇ ਤਹਿਤ , ਟਾਟਾ ਸਟੀਲ ਨੇ ਹਰਿਆਣਾ ਵਿਚ ਰੋਹਤਕ ਵਿਖੇ ਆਪਣਾ ਨਵਾਂ 0.5 ਐਮਐਨਟੀਪੀਏ ਸਟੀਲ ਰੀਸਾਈਕਲਿੰਗ ਪਲਾਂਟ ਸ਼ੁਰੂ ਕੀਤਾ ਹੈ। ਇਸ ਪਲਾਂਟ ਨੂੰ ਮੈਸਰਜ ਆਰਤੀ ਗ੍ਰੀਨ ਟੈਕ ਲਿਮਟਿਡ ਦੇ ਸਹਿਯੋਗ ਨਾਲ 'ਬਿਲਡ, ਓਨ, ਆਪਰੇਟ' (ਬੀਓਓ) ਪਾਰਟਨਰ ਵਜੋਂ ਸਥਾਪਤ ਕੀਤਾ ਗਿਆ ਹੈ। ਇਹ ਭਾਰਤ ਦੀ ਪਹਿਲੀ ਅਜਿਹੀ ਸੁਵਿਧਾ ਹੈ, ਜੋ ਕਿ ਆਧੁਨਿਕ ਅਤੇ ਮਸੀਨੀ ਉਪਕਰਣਾਂ ਜਿਵੇਂ ਕਿ ਸ੍ਰੇਡਰ, ਬੈਲਰ, ਮੈਟੀਰੀਅਲ ਹੈਂਡਲਰ ਆਦਿ ਨਾਲ ਲੈਸ ਹੈ। ਇਹ ਸਕ੍ਰੈਪ ਇੱਕ ਐਪ 'ਫੇਰੋਹਾੱਟ' ਦੇ ਜ਼ਰੀਏ ਵੱਖ-ਵੱਖ ਮਾਰਕੀਟ ਹਿੱਸਿਆਂ ਜਿਵੇਂ ਕਿ ਖੱਟਾਰਾ ਵਾਹਨਾਂ, ਪੁਰਾਣੇ ਘਰਾਂ, ਕੰਸਟ੍ਰਕਸ਼ਨ ਅਤੇ ਡੇਮੋਲੀਸ਼ਨ , ਅਤੇ ਇੰਡਸਟਰੀ ਆਦਿ ਤੋਂ ਖਰੀਦਿਆ ਜਾਵੇਗਾ । ਫਿਰ ਇਸ ਸਕ੍ਰੈਪ ਨੂੰ ਮਸੀਨੀ ਉਪਕਰਣਾਂ ਦੁਆਰਾ ਪ੍ਰੋਸੈਸ ਕੀਤਾ ਜਾਵੇਗਾ ਅਤੇ ਉੱਚ ਗੁਣਵੱਤਾ ਵਾਲੇ ਇਸ ਪ੍ਰੋਸੈਸਡ ਸਕ੍ਰੈਪ ਨੂੰ ਡਾਊਨਸਟ੍ਰੀਮ ਸਟੀਲ ਬਣਾਉਣ ਲਈ ਸਪਲਾਈ ਕੀਤਾ ਜਾਵੇਗਾ. ਰੀਸਾਈਕਲ ਰੂਟ ਰਾਹੀਂ ਉਤਪਾਦਿਤ ਸਟੀਲ ਨਾਲ ਕਾਰਬਨ ਦਾ ਨਿਕਾਸ ਤਾਂ ਘਟ ਹੋਵੇਗਾ ਹੀ ਸਗੋਂ ਸਰੋਤਾਂ ਦੀ ਖਪਤ ਅਤੇ ਉਰਜਾ ਦੀ ਵਰਤੋਂ ਵੀ ਘਟੇਗੀ। ਇਸ ਦੇ ਨਾਲ ਹੀ, ਟਾਟਾ ਸਟੀਲ ਨੇ ਆਪਣੀ ਨਵੀਂ ਸੁਵਿਧਾ ਵਿੱਚ ਉਤਪਾਦਿਤ ਬਾਲੱਡ ਅਤੇ ਸ਼ਰੇਡੱਡ ਫੇਰਸ ਸਕ੍ਰੈਪ ਲਈ ਦੋ ਨਵੇਂ ਬ੍ਰਾਂਡ - ਟਾਟਾ ਫੇਰੋਬਾਲੱਡ੍ਹ ਅਤੇ ਟਾਟਾ ਫੇਰੋਸ੍ਰੇਡ ਵੀ ਲਾਂਚ ਕੀਤੇ ਹਨ । ਇਹ ਉਤਪਾਦ ਨਾ ਸਿਰਫ ਉੱਚ ਗੁਣਵੱਤਾ ਵਾਲੇ ਪ੍ਰੋਸੈਸਡ ਆਇਰਨ ਸਕ੍ਰੈਪ ਉਪਲਬਧ ਕਰਾਉਣਗੇ ਬਲਕਿ ਭਾਰਤੀ ਸਟੀਲ ਉਦਯੋਗ ਲਈ ਲੋੜੀਂਦੇ ਕੱਚੇ ਮਾਲ ਦੀ ਪੂਰਤੀ ਕਰਕੇ ਆਯਾਤ 'ਤੇ ਨਿਰਭਰਤਾ ਨੂੰ ਵੀ ਘਟਾਉਣਗੇ ।

ਯੋਗੇਸ ਬੇਦੀ ਚੀਫ ਸਟੀਲ ਰੀਸਾਈਕਲਿੰਗ ਬਿਜ਼ਨੇਸ ਚੀਫ- ਟਾਟਾ ਸਟੀਲ ਨੇ ਕਿਹਾ: "ਸਟੀਲ ਨੂੰ ਇਸਦੀਆਂ ਵਿਸੇਸਤਾਵਾਂ ਨੂੰ ਗੁਆਏ ਬਗੈਰ ਬਾਰ ਬਾਰ ਰੀਸਾਈਕਲ ਕੀਤਾ ਜਾ ਸਕਦਾ ਹੈ। ਇਸ ਦ੍ਰਿਸਟੀਕੋਣ ਨਾਲ ਸਟੀਲ ਸਕ੍ਰੈਪ ਇੱਕ ਕੀਮਤੀ ਸਰੋਤ ਹੈ ਅਤੇ ਸਟੀਲ ਬਣਾਉਣ ਲਈ ਇਹ ਭਵਿੱਖ ਦਾ ਇੱਕ ਮਹੱਤਵਪੂਰਨ ਕੱਚਾ ਮਾਲ ਹੈ। ਰੀਸਾਈਕਲਿੰਗ ਸਕ੍ਰੈਪ ਸਰਕੂਲਰ ਇਕਾਨਮੀ ਲੂਪ ਦੀ ਸਮਾਪਤੀ ਨੂੰ ਯਕੀਨੀ ਬਣਾਉਂਦਾ ਹੈ। ਇਸਦਾ ਬ੍ਰਾਂਡ ਨਾਂ ਪ੍ਰੋਸੈਸਡ ਸਕ੍ਰੈਪ ਨੂੰ ਇੱਕ ਵੱਖਰੀ ਪਛਾਣ ਦੇਵੇਗਾ ਅਤੇ ਗਾਹਕਾਂ ਲਈ ਇੱਕ ਮਿਆਰੀ ਗੁਣਵੱਤਾ ਵਾਲਾ ਉਤਪਾਦ ਸੁਨਿਸ਼ਚਿਤ ਕਰਨ ਦੇ ਨਾਲ ਹੀ ਸਕ੍ਰੈਪ ਉਦਯੋਗ ਦੇ ਪੱਧਰ ਨੂੰ ਵੀ ਉਚਾ ਚੁਕੇਗਾ।

## ਲੁਧਿਆਣਾ ਦੇ ਸੀਨੀਅਰ ਭਾਜਪਾ ਆਗੂ ਰਜਿੰਦਰ ਭਾਟੀਆ ਨੇ 2022 ਵਿੱਚ ਆਉਣ ਵਾਲੀਆਂ ਚੋਣਾਂ ਲਈ ਪੰਜਾਬ ਦੇ ਰਾਜਨੀਤਿਕ ਬਾਰੇ ਭਾਜਪਾ ਪ੍ਰਧਾਨ ਸ਼੍ਰੀ ਜੇਪੀ ਨੱਡਾ ਨਾਲ ਕੀਤੀ ਮੁਲਾਕਾਤ



**ਲੁਧਿਆਣਾ /ਕਰਨ ਅਗਰਵਾਲ**

ਪੰਜਾਬ ਵਿਚ ਜਿਵੇਂ ਜਿਵੇਂ ਚੋਣਾਂ ਦਾ ਦੌਰ ਨਜ਼ਦੀਕ ਆ ਰਿਆ ਰਿਹਾ ਹੈ ਓਵੇਂ ਹੀ ਸ਼ਹਿਰ ਵਿਚ ਹੋਣ ਵਾਲਿਆਂ ਗਤੀਵਿਦੀਆਂ ਨੂੰ ਦੇਖਦੇ ਹੋਏ ਲੁਧਿਆਣਾ ਦੇ ਸੀਨੀਅਰ ਭਾਜਪਾ ਆਗੂ ਰਜਿੰਦਰ ਭਾਟੀਆ ਨੇ ਭਾਜਪਾ ਪ੍ਰਧਾਨ ਸ਼੍ਰੀ ਜੇ ਪੀ ਨੱਡਾ ਨਾਲ ਮਿਲ ਕੇ ਆਉਣ ਵਾਲੇ ਚੋਣਾਂ ਬਾਰੇ ਚਰਚਾ ਕੀਤੀ ! ਅਤੇ ਨਾਲ ਹੀ ਸ਼੍ਰੀ ਨੱਡਾ ਵਲੋਂ ਭਾਟੀਆ ਨੂੰ ਥਾਪੜਾ ਦਿਤਾ ਗਿਆ ਕੇ ਵੱਧ ਚੜ ਕੇ ਚੋਣਾਂ ਦਾ ਪ੍ਰਚਾਰ ਕਰੋ ਜਿਸ ਨਾਲ ਪੰਜਾਬ ਵਿਚ ਵੀ ਭਾਜਪਾ ਦੀ ਸਰਕਾਰ ਬਣੇ ! ਜਿਹੜੇ ਵੀ ਲੋਕਾਂ ਦੇ ਕਮ ਇਸ ਕਾਂਗਰਸ ਦੇ ਰਾਜ ਚ ਨਹੀਂ ਹੋਏ ਅਸੀਂ ਭਾਜਪਾ ਦੀ ਸਰਕਾਰ ਬਣਦੇ ਹੀ ਸਾਰੇ ਕੱਮਾ ਦਾ ਹੱਲ ਕਰਾਂਗੇ !ਅਤੇ ਇਸ ਮੀਟਿੰਗ ਵਿਚ ਸਨੀ ਭਾਟੀਆ, ਰਜਿੰਦਰ ਭਾਟੀਆ ਅਤੇ ਹੋਰ ਸੀਨੀਅਰ ਆਗੂ ਸ਼ਾਮਿਲ ਸਨ !

## ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਨੂੰ ਉਨ੍ਹਾਂ ਦੇ 77ਵੇ ਜਨਮ ਦਿਹਾੜੇ 'ਤੇ ਸ਼ਰਧਾਂਜਲੀ ਭੇਟ ਕੀਤੀ

**ਲੁਧਿਆਣਾ/ਸੁਖਚੈਨ ਮਹਿਰਾ**



ਮਾਡਲ ਗ੍ਰਾਮ ਵਿਖੇ ਵਿਧਾਨ ਸਭਾ ਹਲਕਾ ਪੱਛਮੀ ਚੇਅਰਮੈਨ ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਐਂਡ ਵੈਲਫੇਅਰ ਸੈੱਲ ਚੌਧਰੀ ਮਨੀ ਖੀਵਾ ਦੀ ਅਗਵਾਈ ਹੇਠ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਨੂੰ ਉਨ੍ਹਾਂ ਦੇ 77 ਵੇ ਜਨਮ ਦਿਹਾੜੇ 'ਤੇ ਸਰਧਾਂਜਲੀ ਭੇਟ ਕਰਦੇ ਹਾਂ। ਖੀਵਾ ਤੇ ਤਰਗੋਤਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਸਿਆ ਕਿ ਰਾਜੀਵ ਗਾਂਧੀ ਜੀ ਨੇ 61ਵੀਂ ਸੰਵਿਧਾਨ ਸੋਧ ਲਿਆ ਕੇ ਚੋਣ ਪ੍ਰਕਿਰਿਆ 'ਚ ਨੌਜਵਾਨਾਂ ਦੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਨੌਜਵਾਨਾਂ ਦੀ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ। ਬਿਨਾਂ ਸ਼ੱਕ ਨੌਜਵਾਨਾਂ ਦੇ ਆਦਰਸ਼ਵਾਦ ਅਤੇ ਊਰਜਾ ਨੇ ਦੇਸ਼ ਦੀ ਸਿਆਸੀ ਵਿਵਸਥਾ ਨੂੰ ਹਮੇਸ਼ਾ ਲਈ ਬਦਲ ਦਿੱਤਾ। ਕਾਲਾਹਾਂਡੀ ਦੇ ਦਿਹਾਤੀ ਇਲਾਕਿਆਂ 'ਚ ਪੈਦਾ ਘੋਰ ਗਰੀਬੀ ਤੋਂ ਦੁਖੀ ਹੋ ਕੇ ਹੀ ਰਾਜੀਵ ਗਾਂਧੀ ਨੇ ਪਿੰਡ ਪੱਧਰੀ ਪੰਚਾਇਤੀ ਰਾਜ ਸੰਸਥਾਵਾਂ ਦੇ ਢਾਂਚੇ ਨੂੰ ਸੰਵਿਧਾਨਕ ਦਰਜਾ ਦੇ ਕੇ ਮੁੜ-ਜੀਵਤ ਕਰਨ ਦਾ ਫੈਸਲਾ ਕੀਤਾ ਇਸ ਮੌਕੇ ਤੇ ਰਾਜ ਕੁਮਾਰ ਤਰਗੋਤਰਾ ਵਾਰਡ ਨੰ.68 ਪ੍ਰਧਾਨ ਯੂਥ ਕਾਂਗਰਸ, ਸੰਨੀ ਖੀਵਾ ਵਾਰਡ ਨੰ 68 ਚੇਅਰਮੈਨ, ਸੁਧਾਮ ਹੁਸੈਨ , ਹਨੀ ਸਿੰਘ, ਸਨੀ ਕੁਮਾਰ, ਸਦੀਪ ਲੁਧਿਆਣਾ ਰਹੁਲ ਸਿੰਘ ਹਰਸ਼ ਭਾਟੀਆ, ਆਦਿ ਹਾਜਿਰ ਸਨ।

## ਰੱਖੜੀ ਦੇ ਪਵਿੱਤਰ ਤਿਉਂਹਾਰ ਮੌਕੇ ਕੋਵਿਡ ਪ੍ਰੋਟੋਕਾਲ ਦੀ ਕੀਤੀ ਜਾਵੇ ਸਖ਼ਤੀ ਨਾਲ ਪਾਲਣਾ

**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਲੁਧਿਆਣਾ ਡਾ. ਕਿਰਨ ਆਹਲੂਵਾਲੀਆ ਵੱਲੋਂ ਰੱਖੜੀਆਂ ਦੇ ਤਿਉਹਾਰ ਦੇ ਮੱਦੇਨਜ਼ਰ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਵਿਡ ਪ੍ਰੋਟੋਕਾਲ ਦੀ ਹਰ ਹੀਲੇ ਪਾਲਣਾ ਕੀਤੀ ਜਾਵੇ।

ਡਾ. ਆਹਲੂਵਾਲੀਆ ਨੇ ਅੱਗੇ ਕਿਹਾ ਕਿ ਰੱਖੜੀ ਦਾ ਤਿਉਹਾਰ ਭੈਣ ਅਤੇ ਭਰਾ ਦੇ ਪਵਿੱਤਰ ਰਿਸਤੇ ਦਾ ਪ੍ਰਤੀਕ ਹੈ ਜੋ ਸਾਡੇ ਵਲੋ ਬਹੁਤ ਉਤਸਾਹ ਨਾਲ ਮਨਾਇਆ ਜਾਂਦਾ ਹੈ ਅਤੇ ਇਸ ਤਿਉਂਹਾਰ ਮੌਕੇ ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀਆਂ ਬੰਨਦੀਆਂ ਹਨ। ਉਨ੍ਹਾ ਕਿਹਾ ਕਿ ਇਸ ਤਿਉਂਹਾਰ ਮੌਕੇ ਖਰੀਦੋ ਫਰੋਖਤ ਕੀਤੀ ਜਾਂਦੀ ਹੈ ਜਿਸ ਨਾਲ ਬਾਜ਼ਾਰਾਂ ਵਿਚ ਭੀੜ ਵੱਧ ਜਾਂਦੀ ਹੈ।

ਉਨ੍ਹਾਂ ਕੋਰੋਨਾ ਦੀ ਭਿਆਨਕ ਬਿਮਾਰੀ ਨੂੰ ਮੁੱਖ ਰੱਖਦਿਆਂ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਭੀੜ ਵਾਲੀਆਂ ਥਾਂਵਾਂ ਤੇ ਜਾਣ ਤੇ ਗੁਰੇਜ਼ ਕਰਨ, ਮਾਸਕ ਪਹਿਨਣ ਅਤੇ ਲਾਜਮੀ ਤੌਰ 'ਤੇ ਸਮਾਜਿਕ ਦੂਰੀ ਬਣਾਈ ਜਾਵੇ ਅਤੇ ਹੱਥਾਂ ਨੂੰ ਨਿਯਮਤ ਤੌਰ 'ਤੇ ਸਾਫ ਰਖਿਆ ਜਾਵੇ। ਉਨਾਂ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵਲੋ ਕਰੋਨਾ ਤੋ ਬਚਾਉ ਸਬੰਧੀ ਜਾਰੀ ਹਦਾਇਤਾਂ ਦੀ ਪਾਲਣਾ ਜਰੂਰ ਕਰਨ ਤਾਂ ਕਿ ਅਸੀ ਆਪਣੇ ਆਪ ਅਤੇ ਸਮਾਜ ਨੂੰ ਕਰੋਨਾ ਦੀ ਬਿਮਾਰੀ ਤੋ ਬਚਾਅ ਸਕੀਏ।




# ਲੋਕ ਅਧਿਕਾਰ ਲਹਿਰ ਦੇ ਕਾਰਕੁੰਨਾ ਨੇ ਥਾਲੀਆਂ ਖੜਕਾ ਕੇ ਕੀਤਾ ਪ੍ਰਦਰਸਨ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਲੋਕ ਅਧਿਕਾਰ ਲਹਿਰ ਜਿਲਾ ਗੁਰਦਾਸਪੁਰ ਦੇ ਵੱਖ-ਵੱਖ ਹਲਕਿਆਂ ਦੇ ਕਾਰਕੁੰਨਾ ਦੀ ਮੀਟਿੰਗ ਡਾ ਅਵਤਾਰ ਸਿੰਘ ਰੰਧਾਵਾ ਖੇਤੀ ਵਿਗਿਆਨੀ (ਕਣਕ ਬੀਜਾਂ ਦੇ ਮਾਹਿਰ) ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸ੍ਰੀ ਬੂਟਾ ਰਾਮ ਆਜਾਦ, ਗੁਰਮੀਤ ਸਿੰਘ ਪਾਹੜਾ, ਚੰਦਰ ਸੇਖਰ ਆਜਾਦ, ਠੇਕੇਦਾਰ ਗੁਰਮੁੱਖ ਸਿੰਘ ਬਾਜਵਾ, ਰਛਪਾਲ ਸਿੰਘ ਘੁੰਮਣ, ਹੀਰਾ ਸਿੰਘ ਸੈਣੀ, ਸਰਬਜੀਤ ਸਿੰਘ ਪੂਰੋਵਾਲ ਰਾਈਆਂ, ਅਸ਼ੋਕ ਕੁਮਾਰ ਸਲੀਮਪੁਰ, ਅਮਰਦੀਪ ਸਿੰਘ, ਇੰਦਰਜੀਤ ਸਿੰਘ ਤੱਤਲਾ, ਜਸਪਾਲ ਸਿੰਘ ਕਲਿਆਣ ਪੁਰ, ਰਿੰਕੂ, ਰਣਦੀਪ ਸਿੰਘ ਤੇ ਵਿਜੇ ਬੱਧਣ ਆਦਿ ਸਾਮਲ ਹੋਏ ਮੀਟਿੰਗ ਵਿੱਚ ਲੋਕ ਲਹਿਰ ਦੇ ਵਿਸਥਾਰ ਲਈ ਭਰਪੂਰ ਚਰਚਾ ਕੀਤੀ ਗਈ। ਲੋਕ ਅਧਿਕਾਰ ਲਹਿਰ ਵਲੋਂ ਪਹਿਲੀ ਅਗਸਤ ਨੂੰ ਮੁਹਾਲੀ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਸਰਕਾਰ ਨੂੰ 15 ਅਗੱਸਤ ਤਕ ਅੰਗਹੀਣਾਂ, ਵਿਧਵਾਵਾਂ, ਆਸਰਿਤ ਪ੍ਰੀਵਾਰਾਂ ਤੇ ਬੁਢਾਪਾ ਪੈਨਸਨਰਾਂ ਜਿਨ੍ਹਾਂ ਦੀ ਗਿਣਤੀ 22 ਲੱਖ ਬਣਦੀ ਹੈ। 724 ਕਰੋੜ ਰੁਪਏ ਦੀ ਰਾਸੀ ਜੋ ਜੁਲਾਈ 2017 ਤੋਂ 7-8 ਮਹੀਨੇ ਦਾ ਕਰੀਬ ਪੰਜ - ਪੰਜ ਹਜਾਰ ਦਾ ਪੈਂਡਿੰਗ ਪਿਆ ਬਕਾਇਆ ਦੇ ਦੀ ਬੇਨਤੀ ਕੀਤੀ ਸੀ। ਪਰ ਸਰਕਾਰ ਨੇ ਇਸ ਮੰਗ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ। ਲੋਕ ਅਧਿਕਾਰ ਲਹਿਰ ਦੇ ਫੈਸਲੇ ਮੁਤਾਬਿਕ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਲਈ ਥਾਲੀ ਖੜਕਾਉਣ ਦੀ ਮੁਹਿੰਮ ਤਹਿਤ ਅੱਜ ਥਾਲੀਆਂ ਖੜਕਾ ਕੇ ਪ੍ਰਦਰਸਨ ਕੀਤਾ ਗਿਆ।

# ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵਲੋਂ ਬੇਜ਼ਮੀਨੇ ਤੇ ਮਜ਼ਦੂਰਾਂ ਨੂੰ ਕਰਜ਼ ਮੁਆਫੀ ਯੋਜਨਾ ਦੀ ਸ਼ੁਰੂਆਤ




**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵਲੋਂ ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਸਹਿਕਾਰੀ ਸਭਾਵਾਂ ਦਾ ਕਰਜ਼ ਮੁਆਫ ਕਰਨ ਦੀ ਯੋਜਨਾ ਦੀ ਅੱਜ ਸ਼ੁਰੂਆਤ ਕੀਤੀ ਗਈ ਹੈ। ਇਸ ਸਬੰਧੀ ਜਿਲਾ ਪ੍ਰਬੰਧਕੀ ਕੰਪਲੈਕਸ ਵਿੱਚ ਕਰਵਾਏ ਸਮਾਗਮ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ , ਯੋਧਵੀਰ ਸਿੰਘ ਏ.ਆਰ ਗੁਰਦਾਸਪੁਰ, ਦੇਵਿੰਦਰ ਸਿੰਘ ਡੀ ਐਮ, ਸਹਿਕਾਰੀ ਬੈਕ ਗੁਰਦਾਸਪੁਰ, ਸੁਖਜਿੰਦਰ ਸਿੰਘ ਇੰਸਪੈਕਟਰ ਸੀ.ਬੀ, ਅਤੇ ਭੁਪਿੰਦਰ ਸਿੰਘ ਵਲੋ ਸ਼ਮੂਲੀਅਤ ਕੀਤੀ ਗਈ। ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵਲੋਂ ਰੋਪੜ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਵਰਚੁਅਲ ਤਰੀਕੇ ਨਾਲ ਸ਼ਿਰਕਤ ਕੀਤੀ। ਮੁੱਖ ਮੰਤਰੀ ਪੰਜਾਬ ਵਲੋਂ ਅੱਜ ਪਾਇਰਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਮੈਬਰ 2.85 ਲੱਖ ਖੇਤ ਮਜਦੂਰਾਂ ਅਤੇ ਬੇਜਮੀਨੇ ਕਾਸ਼ਤਕਾਰਾ ਦੇ 520 ਕਰੋੜ ਰੁਪਏ ਦੇ ਕਰਜੇ ਮਾਫ ਕਰਨ ਲਈ ਕਰਜਾ ਰਾਹਤ ਦੇ 5ਵੇ ਪੜਾਅ ਦੀ ਸ਼ੁਰੂਆਤ ਕੀਤੀ ਗਈ ਹੈ। ਯੋਧਵੀਰ ਸਿੰਘ ਏ.ਆਰ ਗੁਰਦਾਸਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ ਕਿਸਾਨਾਂ, ਪੰਜਾਬ ਵਰਕਰਜ਼ ਬੋਰਡ ਕੋਲ ਰਜਿਟਰਡ ਕਾਮਿਆਂ ਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਅਕਤੀਆਂ ਦੇ ਕਰਜ਼ ਮੁਆਫ ਕੀਤੇ ਗਏ ਹਨ ਅੱਜ ਬੇਜ਼ਮੀਨੇ ਕਿਸਾਨਾਂ ਤੇ ਖੇਤ ਕਾਮਿਆਂ ਨੂੰ ਰਾਹਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹੇ ਗੁਰਦਾਸਪੁਰ ਅੰਦਰ ਉਪਰੋਕਤ ਵਰਗ ਦਾ ਕੋਈ ਲਾਭਪਾਤਰੀ ਨਹੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਕਿਸੇ ਵੀ ਸਰਕਾਰ ਵਲੋਂ ਪਹਿਲੀ ਵਾਰ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਦੀ ਬਾਂਹ ਫੜ੍ਹੀ ਗਈ ਹੈ ਤੇ ਕਰਜਾ ਮਾਫ ਕੀਤਾ ਹੈ।

# ਬ੍ਰਾਹਮਣ ਸਭਾ ਦੀਨਾਨਗਰ ਵੱਲੋਂ ਨਵੀਂ ਕਾਰਜਕਾਰਨੀ ਦਾ ਐਲਾਨ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਬ੍ਰਾਹਮਣ ਸਭਾ ਦੀਨਾਨਗਰ ਦੇ ਪ੍ਰਧਾਨ ਵਿਜੇ ਸ਼ਰਮਾ ਦੀ ਅਗਵਾਈ ਚ ਇੱਕ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਬੈਠਕ ਚ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਗਿਆ। ਇਸ ਮੀਟਿੰਗ ਦੌਰਾਨ ਨਰੇਸ਼ ਤ੍ਰਿਪਾਠੀ ਨੂੰ ਚੇਅਰਮੈਨ, ਵਿਜੇ ਸ਼ਰਮਾ ਨੂੰ ਪ੍ਰਧਾਨ, ਬ੍ਰਿਜ ਮੋਹਨ ਨੂੰ ਉਪ ਪ੍ਰਧਾਨ, ਰਜਨੀਸ਼ ਸ਼ਰਮਾ ਨੂੰ ਮਹਾਸਚਿਵ, ਡਿੰਪਲ ਖਜੂਰੀਆ ਮਹਾਸਚਿਵ, ਅਸ਼ੋਕ ਕੁਮਾਰ ਕੈਸ਼ੀਅਰ, ਰਜੀਵ ਮਿੰਟਾ ਬੁਕਿੰਗ ਇੰਚਾਰਜ ਅਤੇ ਦਫਤਰ ਇੰਚਾਰਜ, ਰਜੀਵ ਸ਼ਰਮਾ ਪ੍ਰੈਸ ਸਚਿਵ ਬਣਾਏ ਗਏ ਹਨ। ਇਸ ਤੋਂ ਇਲਾਵਾ ਚੀਫ ਪੈਟਰਨ ਡਾ. ਰਜੇਸ਼ ਤ੍ਰਿਖਾ, ਰਜਿੰਦਰ ਸ਼ਰਮਾ, ਦਰਸ਼ਨ ਸ਼ਰਮਾ, ਸੁਭਾਸ਼ ਚੰਦਰ ਵਸੀਕਾ, ਵਿੱਕੀ ਕੈਪ, ਨਗੇਸ਼ ਸ਼ਰਮਾ, ਸੱਤ ਪਾਲ ਚੁਣੇ ਗਏ। ਮੁੱਖ ਸਲਾਹਕਾਰ ਦੇ ਤੋਰ ਤੇ ਡਾ. ਸੰਭੂ ਦੱਤ ਤ੍ਰਿਖਾ, ਮਾਸਟਰ ਸੱਤ ਪਾਲ, ਵਿਨੇ ਸ਼ਰਮਾ, ਹਰੀਸ਼ ਸ਼ਰਮਾ, ਮਾਸਟਰ ਆਗਿਆ ਰਾਮ, ਮਨਮੋਹਨ ਡੋਗਰਾ ਅਤੇ ਤੀਰਥ ਰਾਮ ਬ੍ਰਾਹਮਣ ਸਭਾ ਦੀਨਾਨਗਰ ਦੀ ਕਾਰਜਕਾਰਨੀ ਚ ਸ਼ਾਮਿਲ ਕੀਤੇ ਗਏ।

# ਸਿਰਫ ਇੱਕ ਰੁਪਏ ਵਿਚ ਆਪਣੀ ਬਿਮਾਰੀ ਦੱਸ ਕੇ ਅਪੈਲੋ, ਵੇਦਾਂਤਾ ਅਤੇ ਫੋਰਟਿਸ ਹਸਪਤਾਲ ਦੇ ਡਾਕਟਰਾਂ ਕੋਲੋਂ ਲਈ ਜਾ ਸਕਦੀ ਹੈ ਸਲਾਹ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**



ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਰਫ ਇਕ ਰੁਪਏ ਵਿਚ ਅਪੈਲੋ, ਵੇਦਾਂਤਾ ਅਤੇ ਫੋਰਟਿਸ ਹਸਪਤਾਲ ਦੇ ਮਾਹਰ ਡਾਕਟਰਾਂ ਕੋਲ, ਆਪਣੀ ਬਿਮਾਰੀ ਦੱਸ ਕੇ ਸਲਾਹ ਲਈ ਜਾ ਸਕਦੀ ਹੈ ਅਤੇ ਸਲਾਹ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਨੂੰ ਜ਼ਿਲ੍ਹਾ ਰੈੱਡ ਕਰਾਸ ਵਲੋਂ ਮਾਹਿਰ ਡਾਕਟਰਾਂ ਵਲੋਂ ਦੱਸੀ ਗਈ ਦਵਾਈ, ਮੁਫਤ ਵਿਚ ਮੁਹੱਈਆ ਕਰਵਾਈ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਅੰਦਰ ਚੱਲ ਰਹੇ ਕਾਮਨ ਸਰਵਿਸ ਸੈਂਟਰ ਰਾਹੀਂ ਵੀ.ਐਲ.ਈ ਨਾਲ ਸੰਪਰਕ ਕਰਕੇ ਉਪਰੋਕਤ ਸਹੂਲਤ ਪ੍ਰਾਪਤ ਕੀਤੀ ਜਾ ਸਕਦੀ ਹੈ। ਕਾਮਨ ਸਰਵਿਸ ਸੈਂਟਰ ਵਿਚ ਟੈਲੀ-ਮੈਡੀਸਨ ਦੀ ਸੇਵਾ ਪ੍ਰਦਾਨ ਕੀਤੀ ਜਾ ਰਹੀ ਹੈ। ਜਿਸ ਤਹਿਤ ਆਪਣੀ ਬਿਮਾਰੀ ਬਾਰੇ ਡਾਕਟਰ ਕੋਲੋਂ ਸਲਾਹ ਲੈਣ ਲਈ, ਸਭ ਤੋਂ ਪਹਿਲਾਂ ਲਾਭਪਾਤਰੀ, ਵੀ.ਐਲ.ਈ ਕੋਲ ਆਪਣੀ ਰਜਿਸ਼ਟਰੇਸ਼ਨ ਕਰਵਾਏਗਾ। ਰਜਿਸ਼ਟਰੇਸ਼ਨ ਕਰਵਾਉਣ ਉਪਰੰਤ ਦੱਸੀ ਗਈ ਬਿਮਾਰੀ ਸਬੰਧੀ ਡਾਕਟਰ ਵਲੋਂ ਮਰੀਜ਼ ਦੀ ਕੌਂਸਲਿੰਗ ਕੀਤੀ ਜਾਵੇਗੀ। ਡਾਕਟਰ ਵਲੋਂ ਜੋ ਵੀ ਸਲਾਹ ਜਾਂ ਦਵਾਈ ਖਾਣ ਲਈ ਦੱਸੀ ਗਈ ਹੋਵੇਗੀ, ਉਸਦੀ ਜਾਣਕਾਰੀ ਇਕ ਸਲਿੱਪ ਰਾਹੀਂ ਵੀ.ਐਲ.ਈ ਵਲੋਂ ਮਰੀਜ ਨੂੰ ਮੁਹੱਈਆ ਕਰਵਾਈ ਜਾਵੇਗੀ। ਜੇਕਰ ਕਿਸੇ ਮਰੀਜ ਨੂੰ ਦਵਾਈ ਖਰੀਦਣ ਲਈ ਮੁਸ਼ਕਿਲ ਪੇਸ਼ ਆਉਂਦੀ ਹੋਵੇਗੀ ਤਾਂ ਉਸ ਮਰੀਜ਼ ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵਲੋਂ ਦਵਾਈ ਮੁਫ਼ਤ ਮੁਹੱਈਆ ਕਰਵਾਈ ਜਾਵੇਗੀ।

# ਆਸਾ ਵਰਕਰਜ ਅਤੇ ਫੈਸੀਲੀਟੇਟਰਜ ਯੂਨੀਅਨ ਪੰਜਾਬ ਦੇ ਸੰਘਰਸ ਸਦਕਾ ਹੁਣ ਮਿਲੇਗੀ ਤਿੰਨ ਮਹੀਨਿਆਂ ਦੀ ਪ੍ਰਸੂਤਾ ਛੁੱਟੀ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

## ■ ਘੱਟੋ-ਘੱਟ ਉਜਰਤ ਕਾਨੂੰਨ ਤਹਿਤ ਮਹੀਨਾਵਾਰ ਤਨਖਾਹ ਦੇਣ ਤੋਂ ਟਾਲਾ ਵੱਟਿਆ ਸਿਹਤ ਮੰਤਰੀ ਪੰਜਾਬ ਨੇ

ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ (ਡੀ.ਐੱਮ.ਐੱਫ.) ਅਤੇ ਪੰਜਾਬ ਅੰਦਰ ਕੰਮ ਕਰਦੀਆਂ ਆਸ਼ਾ ਵਰਕਰਾਂ ਦੀਆਂ ਹੋਰ ਜਥੇਬੰਦੀਆਂ ਦੀ ਸਰਕਾਰ ਦੇ ਸੱਦੇ ਤੇ ਸਿਹਤ ਮੰਤਰੀ ਸ੍ਰੀ ਬਲਵੀਰ ਸਿੰਘ ਸਿੱਧੂ, ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਅਤੇ ਹੋਰ ਸਿਹਤ ਅਧਿਕਾਰੀਆਂ ਨਾਲ ਸਰਕਟ ਹਾਊਸ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜਥੇਬੰਦੀ ਦੀ ਸੂਬਾਈ ਆਗੂ ਸਰਬਜੀਤ ਕੌਰ ਮਚਾਕੀ ਅਤੇ ਸ਼ਕੁੰਤਲਾ ਸਰੋਏ ਤੋਂ ਇਲਾਵਾ ਹੋਰ ਜਥੇਬੰਦੀਆਂ ਦੇ ਆਗੂ ਵੀ ਮੌਜੂਦ ਸਨ। ਮੀਟਿੰਗ ਵਿੱਚ ਜਥੇਬੰਦੀਆਂ ਵਲੋਂ ਦਿੱਤੇ ਹੋਏ ਮੰਗ-ਪੱਤਰ ਤੇ ਸਿਹਤ ਮੰਤਰੀ ਨੇ ਕੋਈ ਸਾਰਥਕ ਹੱਲ ਪੇਸ਼ ਨਾ ਕਰਦੇ ਹੋਏ ਕੇਵਲ ਪਹਿਲਾਂ ਤੋਂ ਮਿਲਦੇ ਕੋਵਿਡ ਭੱਤੇ 2500 ਰੁਪਏ ਨੂੰ ਹੀ ਪੱਕੇ ਰੂਪ ਜਾਰੀ ਰੱਖਣ ਤੇ ਹੀ ਸਹਿਮਤੀ ਦਿੱਤੀ ਹੈ ਜਦੋਂਕਿ ਜਥੇਬੰਦੀ ਇਸ ਭੱਤੇ ਨੂੰ ਦੁੱਗਣਾ ਕਰਕੇ ਲਾਗਾਤਾਰ ਦੇਣ ਦੀ ਮੰਗ ਕਰਦੀ ਆ ਰਹੀ ਸੀ। ਇਸੇ ਤਰ੍ਹਾਂ ਆਸਾ ਵਰਕਰਜ ਅਤੇ ਫੈਸੀਲੀਟੇਟਰਜ ਨੂੰ ਤਿੰਨ ਮਹੀਨਿਆਂ ਦੀ ਪ੍ਰਸੂਤਾ ਛੁੱਟੀ ਦੇਣ ਤੇ ਸਹਿਮਤੀ ਦਿੱਤੀ ਹੈ। ਆਸਾ ਵਰਕਰਜ ਅਤੇ ਫੈਸੀਲੀਟੇਟਰਜ ਨੂੰ 1000 ਰੁਪਏ ਦੀ ਲਾਗਤ ਨਾਲ ਦੋ ਗਰਮ ਅਤੇ ਸਰਦ ਵਰਦੀਆਂ ਦੀ ਅਦਾਇਗੀ ਦੇ ਹੁਕਮ ਜਾਰੀ ਕਰ ਦਿੱਤੇ ਹਨ ਮੁਲਾਜਮ ਆਗੂਆਂ ਨੇ ਆਖਿਆ ਕਿ ਸਿਹਤ ਮੰਤਰੀ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਤੇ ਘੱਟੋ-ਘੱਟ ਉਜਰਤਾਂ ਲਾਗੂ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਗਈ ਹੈ ਅਤੇ ਬਾਕੀ ਕਿਸੇ ਵੀ ਮੰਗ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਦੋਂ ਕਿ ਜਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ ਵਿੱਚ , ਸਮਾਰਟ ਫੋਨ ਦੇਣ, ਡਿਊਟੀ ਦੌਰਾਨ ਮੌਤ ਹੋਣ ਤੇ ਪਰਿਵਾਰਕ ਮੈਂਬਰਾਂ ਨੂੰ ਐਕਸ ਗਰੇਸੀਆ ਸਹਾਇਤਾ ਦੇਣ, ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਅਚਨਚੇਤੀ ਛੁੱਟੀਆਂ, ਮੈਡੀਕਲ ਛੁੱਟੀ ਤੋਂ ਇਲਾਵਾ ਐਕਸ ਇੰਡੀਆ ਲੀਵ ਦੇਣ ਦੀ ਮੰਗ ਕੀਤੀ ਗਈ ਸੀ। ਜਥੇਬੰਦੀ ਦੀ ਸੂਬਾਈ ਪ੍ਰਧਾਨ ਅਮਰਜੀਤ ਕੌਰ ਕੰਮੇਆਣਾ ਤੇ ਜਨਰਲ ਸਕੱਤਰ ਪਰਮਜੀਤ ਕੌਰ ਮਾਨ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਆਖਿਆ ਕਿ ਪੰਜਾਬ ਦੀਆਂ ਸਮੂਹ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਇਕਜੁੱਟ ਹੋ ਕੇ ਪੰਜਾਬ ਸਰਕਾਰ ਦੀ ਬੇਰੁੱਖੀ ਵਿਰੁੱਧ ਤਿੱਖੇ ਸੰਘਰਸ਼ਾਂ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ। ਉਹਨਾਂ ਆਖਿਆ ਕਿ ਜਥੇਬੰਦੀ 20 ਅਗਸਤ ਨੂੰ 'ਪੰਜਾਬ ਯੂ.ਟੀ. ਮੁਲਾਜਮ ਤੇ ਪੈਨਸ਼ਨਜ ਸਾਂਝਾ ਫਰੰਟ' ਵੱਲੋਂ ਕੀਤੇ ਜਾ ਰਹੇ ਮੰਤਰੀਆਂ ਦੇ ਘਿਰਾਓ ਵਿੱਚ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਵੱਡੇ ਪੱਧਰ ਤੇ ਸ਼ਮੂਲੀਅਤ ਕੀਤੀ ਜਾਵੇਗੀ। ਉਹਨਾਂ ਐਲਾਨ ਕੀਤਾ ਕਿ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਉੱਪਰ ਘੱਟੋ-ਘੱਟ ਉਜ਼ਰਤਾਂ ਦੇ ਕਾਨੂੰਨ ਤਹਿਤ 21000 ਰੁਪਏ ਪ੍ਰਤੀ ਮਹੀਨਾ ਤਨਖਾਹ ਫਿਕਸ ਕਰਵਾਉਣ ਸਮੇਤ ਹੋਰ ਮੰਗਾਂ ਨੂੰ ਲੈ ਕੇ 29 ਅਗਸਤ ਨੂੰ 'ਮਾਣ-ਭੱਤਾ, ਕੱਚਾ ਤੇ ਕੰਟਰੈਕਟ ਮੁਲਾਜਮ ਮੋਰਚੇ' ਦੀ ਪਟਿਆਲਾ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਕੇ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਸਟੇਟ ਦਾਖਲਾ ਪੋਰਟਲ ਹੋਵੇਗਾ ਵਿਦਿਆਰਥੀਆਂ ਲਈ ਵਰਦਾਨ ਸਾਬਤ : ਸੁਖਜੀਤ ਸਿੰਘ ਕਾਕਾ ਲੋਹਗੜ੍ਹ

## ਵਿਦਿਆਰਥੀਆਂ ਨੂੰ ਇੱਕ ਹੀ ਪੋਰਟਲ ਤੇ ਸਾਰੇ ਸਰਕਾਰੀ ਕਾਲਜਾਂ ਬਾਰੇ ਮਿਲੇਗੀ ਜਾਣਕਾਰੀ : ਵਧੀਕ ਡਿਪਟੀ ਕਮਿਸ਼ਨਰ




**ਮੋਗਾ/ਦਵਿੰਦਰ ਸਿੰਘ ਬਿੱਟੂ**

ਪੰਜਾਬ ਸਰਕਾਰ ਦੁਆਰਾ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਦਾਖਲਾ ਲੈਣ ਲਈ ਪੂਰੇ ਸੂਬੇ ਦੇ ਕਾਲਜਾਂ ਲਈ ਇੱਕ ਸਾਝਾ ਸਟੇਟ ਐਡਮੀਸ਼ੀਨ ਦਾਖਲਾ ਪੋਰਟਲ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗਾ ਕਿਉਕਿ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਵੱਖ ਵੱਖ ਕਾਲਜਾਂ ਵਿੱਚ ਜਾ ਕੇ ਪ੍ਰਾਸਪੈਕਟ ਨਹੀ ਖਰੀਦਣਾ ਪਵੇਗਾ। ਦਾਖਲੇ ਸਬੰਧੀ ਸਾਰੀ ਜਾਣਕਾਰੀ ਇਸ ਪੋਰਟਲ ਤੇ ਹੀ ਉਪਲੱਭਧ ਹੋਵੇਗੀ। ਇਹ ਜਾਣਕਾਰੀ ਹਲਕਾ ਧਰਮਕੋਟ ਦੇ ਵਿਧਾਇਕ ਸ੍ਰ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਪੰਜਾਬ ਵੱਲੋਂ ਸਟੇਟ ਦਾਖਲਾ ਪੋਰਟਲ ਦੀ ਆਨ ਲਾਈਨ ਸੁਰੂਆਤ ਕਰਨ ਉਪਰੰਤ ਗੱਲਬਾਤ ਕਰਦਿਆਂ ਦਿੱਤੀ।

ਉਨ੍ਹਾਂ ਦੱਸਿਆ ਕਿ ਪਹਿਲਾਂ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਵੱਖ ਵੱਖ ਕਾਲਜਾਂ ਵਿੱਚ ਲੰਮੀਆ ਲੰਮੀਆਂ ਲਾਇਨਾਂ ਵਿੱਚ ਲੱਗ ਕੇ ਪ੍ਰਾਸਪੈਕਟਸ ਖਰੀਦਣੇ ਪੈਂਦੇ ਸਨ ਤੇ ਇਸਦੇ ਨਾਲ ਹੋਰ ਵੀ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਵਧੇਰੇ ਖਰਚਾ ਵੀ ਚੁੱਕਣਾ ਪੈਂਦਾ ਸੀ। ਪ੍ਰੰਤੂ ਪੋਰਟਲ ਦੇ ਸ਼ੁਰੂ ਹੋਣ ਨਾਲ ਘਰ ਬੈਠਿਆਂ ਹੀ ਦਾਖਲੇ ਸਬੰਧੀ ਕਾਲਜਾਂ ਬਾਰੇ ਜਾਣਕਾਰੀ ਹਾਸਲ ਕਰਕੇ ਆਨਲਾਈਨ ਰਜਿਸ਼ਟਰੇਸ਼ਨ ਕਰਾਈ ਜਾ ਸਕਦੀ ਹੈ।

ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰ ਹਰਚਰਨ ਸਿੰਘ ਨੇ ਕਿਹਾ ਕਿ ਇਸਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਯੂਨੀਫਾਈਡ ਸਟੇਟ ਹੈਲਪਲਾਈਨ ਨੰਬਰ 1100 ਸੁਰੂ ਕੀਤਾ ਗਿਆ ਹੈ ਜਿਸ ਤੇ ਸਾਰੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਵਿਭਾਗ ਨਾਲ ਸਬੰਧਤ ਕੋਈ ਸਮੱਸਿਆ ਜਾਂ ਸ਼ਿਕਾਇਤ ਕਰਨੀ ਹੋਵੇ ਤਾ ਉਹ 1100 ਨੰਬਰ ਤੇ ਕਰ ਸਕਦਾ ਹੈ। ਜਿਸਦਾ ਪੰਜਾਬ ਸਰਕਾਰ ਵੱਲੋਂ ਜਲਦੀ ਹੱਲ ਕੀਤਾ ਜਾਵੇਗਾ ਅਤੇ ਸਮੱਸਿਆ ਦਾ ਘਰ ਬੈਠੇ ਹੀ ਮਸਲਾ ਹੱਲ ਹੋ ਜਾਵੇਗਾ।

ਇਸ ਮੌਕੇ ਜਲ੍ਹਿਾ ਪ੍ਰੀਸਦ ਮੋਗਾ ਦੇ ਚੇਅਰਮੈਨ ਸ੍ਰ ਇੰਦਰਜੀਤ ਸਿੰਘ ਤਲਵੰਡੀ ਭਾਂਗੇਰੀਆਂ ਤੇ ਹੋਰ ਅਧਿਕਾਰੀ ਵੀ ਹਾਜਰ ਸਨ।

## ਪੁਲਸ ਵੱਲੋਂ ਕਾਗਜਾਤ ਪੂਰੇ ਨਾ ਹੋਣ ਦੇ ਕੱਟੇ ਚਲਾਨ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਥਾਣਾ ਧਰਮਕੋਟ ਦੀ ਪੁਲਸ ਵੱਲੋਂ ਵੱਖ ਵੱਖ ਥਾਵਾਂ ਤੇ ਵਾਹਨ ਚਾਲਕਾਂ ਦੇ ਚੈਕਿਗ ਦੌਰਾਨ ਅਧੂਰੇ ਕਾਗਜਾਂ ਦੇ ਸੱਤ ਚਲਾਨ ਕੱਟੇ ਗਏ। ਉਕਤ ਜਾਣਕਾਰੀ ਦਿੰਦਿਆਂ ਲੀਮਾ 23 ਦੇ ਏ ਐਸ ਆਈ ਬਿੱਕਰ ਸਿੱਘ,ਤੇ ਲੀਮਾ 24 ਦੇ ਏ ਐਸ ਆਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਵਾਹਨਾਂ ਦੀ ਚੈਕਿੰਗ ਦੌਰਾਨ ਉਨ੍ਹਾਂ ਦੀ ਟੀਮ ਵੱਲੋਂ ਅਧੂਰੇ ਕਾਰਜਾਂ ਦੇ 7 ਚਲਾਨ ਕੱਟੇ। ਉਹਨਾਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਕਾਗਜ ਪੂਰੇ ਰੱਖਣ। ਅਤੇ ਆਪਣੇ ਵਾਹਨਾਂ ਦੀਆਂ ਨੰਬਰ ਪਲੇਟਾਂ ਲਾ ਕੇ ਰੱਖਣ। ਤਾਂ ਕਿ ਉਨ੍ਹਾਂ ਨੂੰ ਕਿਸੇ ਮੁਸਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਨਾਲ ਕਾਂਸਟੇਬਲ ਧਰਮ ਸਿੰਘ ਅਤੇ ਨਿਰਮਲ ਸਿੰਘ ਵਿਸੇਸ ਤੋਰਤੇ ਤੇ ਹਾਜਰ ਸਨ।

## ਕੋਵਿਡ ਵੈਕਸੀਨੇਸ਼ਨ ਕੈਪ ਰੋਜਾਂਨਾ ( ਐਤਵਾਰ ਤੋ ਇਲਾਵਾ ) ਸਵੇਰੇ 9 ਵਜੇ ਤੋ ਦੁਪਹਿਰ ਇੱਕ ਵਜੇ ਤਕ ਰਾਧਾ ਸੁਆਮੀ ਸਤਿਸੰਗ ਸੈਟਰ ਗੁਰਦਾਸਪੁਰ ਦੌਰਾਗਲਾ ਬਾਈਪਾਸ ਰੋਡ ਤੇ ਲੱਗੇਗਾ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਸ੍ਰੀ ਨਾਨਕ ਸਿੰਘ ਐਸ .ਐਸ.ਪੀ .ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਕੋਵਿਡ ਵੈਕਸੀਨੇਸ਼ਨ ਕੈਪ ਰੋਜਾਨਾ ( ਐਤਵਾਰ ਤੋ ਇਲਾਵਾ ) ਸਵੇਰੇ 9-00 ਵਜੇ ਤੋ ਦੁਪਿਹਰ 1-00 ਵਜੇ ਤਕ ਰਾਧਾ ਸੁਆਮੀ ਸਤਿਸੰਗ ਸੈਟਰ ਗੁਰਦਾਸਪੁਰ-2 ,ਦੋਰਾਂਗਲਾ ਬਾਈਪਾਸ ਰੋਡ ਵਿਖੇ ਅੱਜ ਤੋ ਲਗਾਇਆ ਜਾ ਰਿਹਾ ਹੈ । ਉਨ੍ਹਾ ਦੱਸਿਆ ਹੈ ਕਿ ਇਥੇ ਕੋਵਿਡ ਨਿਯਮਾ ਦੀ ਪਾਲਣਾਂ ਕਰਦੇ ਹੋਏ ਆਮ ਪਬਲਿਕ ਲਈ ਬੈਠਣ ਦਾ ਪ੍ਰਬੰਧ , ਚਾਹ ਪਾਣੀ ਦਾ ਪ੍ਰਬੰਧ , ਵਹੀਕਲ ਪਾਰਕਿੰਗ ਦਾ ਪਬੰਧ ਅਤੇ ਜੋ ਮਾਸਕ ਪਹਿਨਕੇ ਨਹੀ ਆ ਰਹੇ ਨੂੰ ਮੁਫਤ ਮਾਸਕ ਮੁਹੱਈਆ ਕੀਤੇ ਜਾ ਰਹੇ ਹਨ । ਬਜੁਰਗਾਂ ਅਤੇ ਵਿਕਲਾਂਗ ਵਿਅਕਤੀਆਂ ਲਈ ਵੀਹਲ ਚੇਅਰ ਦਾ ਪਬੰਧ ਕੀਤਾ ਗਿਆ ਹੈ । ਜਿਹੜੇ ਵਿਅਕਤੀ ਆਪ ਇਥੇ ਨਹੀ ਪਹੁੰਚ ਸਕਦੇ ਲਈ ਸੇਵਾਦਾਰਾਂ ਵੱਲੋ ਵਹੀਕਲ ਦਾ ਪਬੰਧ ਕਰਕੇ ਉਨ੍ਹਾ ਨੂੰ ਘਰਾਂ ਤੋ ਲਿਆਦਾਂ ਜਾ ਰਿਹਾ ਹੈ ।

# ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਪੁਤਲਾ ਫੂਕਿਆ



**ਕਪੂਰਥਲਾ/ਪਰਮਜੀਤ ਸੰਨੀ**

ਪਾਕਿਸਤਾਨ ‘ਚ ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ ਤੋੜਣ ਤੇ ਪਿਛਲੇ ਦਿਨੀਂ ਹਿੰਦੂ ਮੰਦਿਰ ‘ਚ ਕੀਤੀ ਗਈ ਭੰਨ-ਤੋੜ ਦੇ ਵਿਰੋਧ ‘ਚ ਭਾਜਪਾ ਵਰਕਰਾਂ ਨੇ ਮੰਡਲ ਪ੍ਰਧਾਨ ਧਰਮਪਾਲ ਮਹਾਜਨ ਦੀ ਪ੍ਰਧਾਨਗੀ ਹੇਠ ਪ੍ਰਦਰਸਨ ਕੀਤਾ। ਭਾਜਪਾ ਦੇ ਅਨੇਕਾਂ ਵਰਕਰਾਂ ਨੇ ਚਾਰਬੱਤੀ ਚੌਕ ‘ਚ ਪਾਕਿਸਤਾਨ ਖਲਿਾਫ ਰੋਸ ਪ੍ਰਦਰਸਨ ਕਰਦੇ ਹੋਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਪੁਤਲਾ ਫੂਕਿਆ। ਇਸ ਦੌਰਾਨ ਭਾਜਪਾ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਪਾਕਿਸਤਾਨ ਦੇ ਕੱਟਰਪੰਥੀਆਂ ਵੱਲੋਂ ਹਿੰਦੂ ਮੰਦਰ ‘ਚ ਜੰਮ ਕੇ ਉਤਪਾਤ ਮਚਾਉਂਦੇ ਹੋਏ ਤੋੜ ਫੋੜ ਕੀਤੀ ਗਈ ਸੀ, ਜਿਸ ਦੇ ਨਾਲ ਪੰਜਾਬ ਦੀ ਜਨਤਾ ‘ਚ ਭਾਰੀ ਰੋਸ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਮਹਾਨ ਸਾਸਕਾਂ ਵਿਚੋਂ ਇੱਕ ਸਨ, ਜਿਨ੍ਹਾਂ ਨੇ ਆਪਣੇ ਆਪ ਨੂੰ ਇੱਕ ਧਰਮਨਿਰਪੇਕਸ ਨਾਇਕ ਦੇ ਰੂਪ ਵਿੱਚ ਸਮਾਜ ਵਿੱਚ ਮਿਸਾਲ ਕਾਇਮ ਕੀਤੀ ਸੀ। ਭਾਜਪਾ ਨੇਤਾਵਾਂ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ ਤੇ ਇਹ ਤੀਜੀ ਵਾਰ ਹਮਲਾ ਕਰਕੇ ਉਸਨੂੰ ਤੋੜਿਆ ਗਿਆ ਹੈ। ਇਸ ਮੌਕੇ ਤੇ ਜਲ੍ਹਿਾ ਜਰਨਲ ਸਕੱਤਰ ਜਗਦੀਸ ਸਰਮਾ, ਭਾਜਪਾ ਪ੍ਰਦੇਸ ਕਾਰਕਾਰਨੀ ਮੈਂਬਰ ਸਾਮ ਸੁੰਦਰ ਅੱਗਰਵਾਲ, ਪ੍ਰਦੇਸ ਕਾਰਕਾਰਨੀ ਮੈਂਬਰ ਪਰਸੋਤਮ ਪਾਸੀ, ਪ੍ਰਦੇਸ ਕਾਰਕਾਰਨੀ ਮੈਂਬਰ ਯਗ ਦੱਤ ਐਰੀ, ਪ੍ਰਦੇਸ ਕਾਰਕਾਰਨੀ ਮੈਂਬਰ ਉਮੇਸ ਸਾਰਦਾ, ਪ੍ਰਦੇਸ ਕਾਰਕਾਰਨੀ ਮੈਂਬਰ ਯਸ ਮਹਾਜਨ, ਜਲ੍ਹਿਾ ਭਾਜਪਾ ਉਪ ਪ੍ਰਧਾਨ ਅਸੋਕ ਮਾਹਲਾ, ਮੰਡਲ ਜਰਨਲ ਸਕੱਤਰ ਅਸਵਨੀ ਤੁਲੀ, ਡਾਰਣਵੀਰ ਕੌਸਲ, ਮਹਿੰਦਰ ਸਿੰਘ ਬਲੇਰ, ਰਵਿੰਦਰ ਸਰਮਾ, ਕਪੂਰ ਚੰਦ ਥਾਪਰ, ਸਾਬਕਾ ਜਲ੍ਹਿਾ ਪ੍ਰਧਾਨ ਆਕਾਸ ਕਾਲੀਆ, ਐਡਵੋਕੇਟ ਪਿਊਸ ਮਨਚੰਦਾ, ਸਾਹਿਲ ਸਰਮਾ, ਧਰਮਬੀਰ ਬੌਬੀ, ਦਵਿੰਦਰ ਪਾਸੀ, ਸੁਖਜਿੰਦਰ ਸਿੰਘ, ਸੁਸੀਲ ਭਲਾ, ਜਲ੍ਹਿਾ ਸਵੱਛ ਭਾਰਤ ਅਭਿਆਨ ਕਨਵੀਨਰ ਰਵਿੰਦਰ ਸਰਮਾ, ਉਪ ਪ੍ਰਧਾਨ ਨਰੇਸ ਸੇਠੀ ਮੌਜੂਦ ਸਨ।

# ਲੋਕ ਸੇਵਾ ਸੁਸਾਇਟੀ ਜਗਰਾਉਂ ਵਲੋਂ ਸਰਕਾਰੀ ਪ੍ਰਾਇਮਰੀ ਸੈਂਟਰਲ ਸਕੂਲ ਲੜਕੇ ਦੀ ਮਿੱਡ ਡੇ ਮੀਲ ਦੇ ਰਸੋਈ ਘਰ ਦਾ ਸ਼ੈੱਡ ਪਾਉਣ ਦੀ ਸੇਵਾ ਕੀਤੀ ਗਈ



**ਜਗਰਾਉਂ/ਅਰਜੁਨ ਸਹਿਜਪਾਲ**

ਜਗਰਾਓਂ ਦੀ ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਨੀਰਜ ਮਿੱਤਲ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਕੰਵਲ ਕੱਕੜ ਦੀ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸੈਂਟਰਲ ਸਕੂਲ ਲੜਕੇ ਦੀ ਮਿੱਡ ਡੇ ਮੀਲ ਦੇ ਰਸੋਈ ਘਰ ਦਾ ਸ਼ੈੱਡ ਪਾਉਣ ਦੀ ਸੇਵਾ ਕੀਤੀ ਗਈ। ਸ਼ੈੱਡ ਦਾ ਕੰਮ ਮੁਕੰਮਲ ਹੋਣ ’ਤੇ ਅੱਜ ਉੱਘੇ ਸਮਾਜ ਸੇਵੀ ਰਾਜਿੰਦਰ ਜੈਨ ਨੇ ਇਸ ਦਾ ਉਦਘਾਟਨ ਕਰਦਿਆਂ ਸੁਸਾਇਟੀ ਵੱਲੋਂ ਹਰੇਕ ਵਰਗ ਦੇ ਲੋਕਾਂ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੁਸਾਇਟੀ ਦਾ ਹਰੇਕ ਮੈਂਬਰ ਸਮਾਜ ਸੇਵਾ ਨੂੰ ਸਮਰਪਿਤ ਹੈ। ਸਕੂਲ ਦੇ ਸੀ ਐੱਚ ਟੀ ਹਰਜੀਤ ਸਿੰਘ ਅਤੇ ਹੈੱਡ ਟੀਚਰ ਸੁਰਿੰਦਰ ਕੌਰ ਨੇ ਸੁਸਾਇਟੀ ਦਾ ਸਕੂਲ ਦੀ ਮਦਦ ਕਰਨ ’ਤੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾ ਵੀ ਕਈ ਵਾਰ ਸੁਸਾਇਟੀ ਵੱਲੋਂ ਸਕੂਲ ਦੀ ਮਦਦ ਕੀਤੀ ਗਈ ਹੈ। ਇਸ ਮੌਕੇ ਪੀ ਆਰ ਓ ਮਨੋਜ ਗਰਗ ਤੇ ਸੁਖਦੇਵ ਗਰਗ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਪ੍ਰੋਜੈਕਟ ਚੇਅਰਮੈਨ ਲਾਕੇਸ਼ ਟੰਡਨ, ਮਨੋਹਰ ਸਿੰਘ ਟੱਕਰ, ਦਰਸ਼ਨ ਜੁਨੇਜਾ, ਇਕਬਾਲ ਸਿੰਘ ਕਟਾਰੀਆ, ਪ੍ਰੇਮ ਬਾਂਸਲ, ਮੋਤੀ ਸਾਗਰ, ਮੁਕੇਸ਼ ਗੁਪਤਾ, ਸੰਜੀਵ ਚੋਪੜਾ, ਜਗਦੀਪ ਸਿੰਘ, ਆਰ ਕੇ ਗੋਇਲ, ਡਾ ਭਾਰਤ ਭੂਸ਼ਣ ਬਾਂਸਲ ਸਮੇਤ ਸਕੂਲ ਅਧਿਆਪਕਾ ਕਾਂਤਾ ਰਾਣੀ, ਮਧੂ ਬਾਲਾ, ਹਰਿੰਦਰ ਕੌਰ, ਗੀਤਾ ਰਾਣੀ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।



# ਜਲਾਲਪੁਰ ਨੇ ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜਦੂਰਾਂ ਨੂੰ ਦਿੱਤੇ ਕਰਜਾ ਮੁਆਫੀ ਦੇ ਪ੍ਰਮਾਣ ਪੱਤਰ

## ਹਲਕਾ ਘਨੌਰ ਦੇ 5518 ਕਿਸਾਨ ਮਜਦੂਰਾਂ ਨੂੰ ਦਿੱਤੀ 6 ਕਰੋੜ 13 ਲੱਖ ਰੁਪਏ ਦੀ ਕਰਜਾ ਮਾਫੀ

■ ਕਾਂਗਰਸ ਹਾਈਕਮਾਂਡ, ਕੈਪਟਨ ਅਮਰਿੰਦਰ ਸਿੰਘ, ਪ੍ਰਧਾਨ ਸਿੱਧੂ ਤੇ ਕੈਬਨਿਟ ਮੰਤਰੀ ਰੰਧਾਵਾ ਦਾ ਕੀਤਾ ਧੰਨਵਾਦ




**ਘਨੌਰ/ਸਰਦਾਰਾ ਸਿੰਘ ਲਾਛੜੂ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਕਾਂਗਰਸ ਸਰਕਾਰ ਦੇ ਕਰਜ ਮੁਆਫੀ ਪੰਜਵੇਂ ਪੜਾਅ ਤਹਿਤ ਤਹਿਤ ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜਦੂਰਾਂ ਲਈ ਕਰਜ਼ਾ ਰਾਹਤ ਯੋਜਨਾ ਸ਼ੁਰੂ ਕੀਤੀ ਹੈ, ਜਿਸ ਤਹਿਤ ਬੇਜ਼ਮੀਨੇ ਕਿਸਾਨਾਂ ਤੇ ਖੇਤ ਕਾਮੀਆਂ ਨੂੰ ਸੁਸਾਇਟੀ ਦੇ ਕਰੋੜਾਂ ਰੁਪਏ ਦਾ ਕਰਜ ਤੋਂ ਮੁਕਤ ਕਰਨਾ ਕਾਂਗਰਸ ਸਰਕਾਰ ਦਾ ਇਤਿਹਾਸਕ ਫੈਸਲਾ ਸਾਬਤ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਤੇ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਮਾਰਕੀਟ ਕਮੇਟੀ ਘਨੌਰ ਵਿਖੇ ਚੇਅਰਮੈਨ ਬਲਜੀਤ ਸਿੰਘ ਗਿੱਲ, ਵਾਈਸ ਚੇਅਰਮੈਨ ਰਾਮ ਸਿੰਘ ਸੀਲ ਤੇ ਸਹਾਇਕ ਰਜਿਸਟਰਾਰ ਰਾਜਪੁਰਾ ਕੇ.ਪੀ. ਸਿੰਘ ਦੀ ਅਗਵਾਈ ਹੇਠ ਵਕਰਵਾਏ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ ਵੀ ਵਿਸੇਸ ਤੌਰ ਤੇ ਹਾਜ਼ਰ ਰਹੇ। ਵਿਧਾਇਕ ਜਲਾਲਪੁਰ ਨੇ ਦੱਸਿਆ ਕਿ ਇਸ ਯੋਜਨਾ ਨਾਲ ਸੂਬੇ ਦੇ 2.85 ਲੱਖ ਬੇਜਮੀਨੇ ਕਿਸਾਨਾਂ ਤੇ ਖੇਤ ਮਜਦੂਰਾਂ ਨੂੰ 520 ਕਰੋੜ ਦੀ ਕਰਜ਼ਾ ਰਾਹਤ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਤਹਿਤ ਹਲਕਾ ਘਨੌਰ ਦੇ 5518 ਬੇਜਮੀਨੇ ਕਿਸਾਨ ਤੇ ਖੇਤ ਮਜਦੂਰਾਂ ਦਾ 6 ਕਰੋੜ 13 ਲੱਖ ਰਪਏ ਦੇ ਕਰਜਾ ਮਾਫ ਕੀਤਾ ਗਿਆ ਹੈ। ਜਿਨ੍ਹਾਂ ਨੂੰ ਸੁਸਾਇਟੀਆਂ ਵੱਲੋਂ ਡਿਫਲਟਰ ਐਲਾਨਿਆ ਗਿਆ ਸੀ ਉਨ੍ਹਾਂ ਦੇ ਹਿੱਸੇ ਦੀ ਰਕਮ ਉਨ੍ਹਾਂ ਦੇ ਖਾਤਿਆਂ ਵਿਚ ਜਮ੍ਹਾਂ ਹੋ ਜਾਵੇਗੀ। ਜਲਾਲਪੁਰ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਇਸ ਯੋਜਨਾ ਨਾਲ ਮੁੜ ਤੋਂ ਲੋੜ ਅਨੁਸਾਰ ਬੇਜਮੀਨੇ ਕਿਸਾਨਾਂ ਤੇ ਖੇਤ ਮਜਦੂਰਾਂ ਨੂੰ ਕਰਜ ਵੀ ਮਿਲ ਜਾਵੇਗਾ, ਤਾਂ ਜੋ ਉਹ ਆਪਣੇ ਪਰਿਵਾਰਾਂ ਨੂੰ ਪੈਰਾਂ ਸਿਰ ਖੜ੍ਹਾ ਕਰ ਸਕਣ। ਆਪਣੀ ਸਰਕਾਰ ਦੇ ਇਤਿਹਾਸਕ ਫੈਸਲੇ ਤੋਂ ਖੁਸ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਾਂਗਰਸ ਹਾਈਕਮਾਂਡ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਸੁੱਖੀ ਰੰਧਾਵਾ ਦਾ ਧੰਨਵਾਦ ਕੀਤਾ।

ਰੋਜ਼ਾਨਾ ਲੋਕ ਬਾਣੀ

ਇਸ ਮੌਕੇ ਇਸ ਮੌਕੇ ਮਾਰਕੀਟ ਕਮੇਟੀ ਰਾਮਪੁਰਾ ਦੇ ਵਾਈਸ ਚੇਅਰਮੈਨ ਜਗਦੀਪ ਸਿੰਘ ਡਿੰਪਲ ਜਗਰੂਪ ਸਿੰਘ ਹੈਪੀ ਸੇਹਰਾ, ਮਾਰਕੀਟ ਕਮੇਟੀ ਘਨੌਰ ਦੇ ਵਾਈਸ ਚੇਅਰਮੈਨ ਰਾਮ ਸਿੰਘ ਸੀਲ, ਬਲਾਕ ਸੰਮਤੀ ਘਨੌਰ ਦੇ ਚੇਅਰਮੈਨ ਜਗਦੀਪ ਸਿੰਘ ਡਿੰਪਲ ਚੱਪੜ, ਵਾਈਸ ਚੇਅਰਮੈਨ ਗੁਰਦੇਵ ਸਿੰਘ ਬਘੌਰਾ, ਬਲਾਕ ਸੰਮਤੀ ਰਾਜਪੁਰਾ ਦੇ ਚੇਅਰਮੈਨ ਅੱਛਰ ਸਿੰਘ ਭੇਡਵਾਲ, ਬਲਾਕ ਪ੍ਰਧਾਨ ਗੁਰਨਾਮ ਸਿੰਘ ਭੂਰੀਮਾਜਰਾ, ਬਲਾਕ ਪ੍ਰਧਾਨ ਕੁਲਦੀਪ ਸਿੰਘ ਮਾੜੀਆਂ, ਸਰਪੰਚ ਯੂਨੀਅਨ ਦੇ ਬਲਾਕ ਪ੍ਰਧਾਨ ਐਨਪੀ ਸਿੰਘ ਪਬਰੀ, ਯੂਥ ਕਾਂਗਰਸ ਘਨੌਰ ਦੇ ਪ੍ਰਧਾਨ ਇੰਦਰਜੀਤ ਸਿੰਘ ਗਿਫਟੀ, ਕੌਂਸਲਰ ਮੁਸ਼ਤਾਕ ਅਲੀ ਜੱਸੀ ਘਨੌਰ, ਸਰਪੰਚ ਪਵਿੱਤਰ ਸਿੰਘ ਕਮਾਲਪੁਰ, ਸਰਪੰਚ ਤਰਸੇਮ ਬਾਸਮਾਂ ਸਮੇਤ ਵੱਡੀ ਗਿਣਤੀ ਕਾਂਗਰਸੀ ਆਗੂ ਅਤੇ ਵਰਕਰ ਹਾਜਰ ਸਨ।

## ਜ਼ਿਲ੍ਹੇ ਦੇ ਮਗਨਰੇਗਾ ਵਰਕਰ ਅਤੇ ਰਜਿਸਟਰਡ ਕਾਮਿਆਂ ਨੂੰ ਸਸ਼ਕਤ ਕਰੇਗੀ " ਮੇਰਾ ਕਾਮ, ਮੇਰਾ ਮਾਨ" ਸਕੀਮ : ਹਿਮਾਸ਼ੂ ਜੈਨ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਸਰਕਾਰ ਵੱਲੋਂ ਰਜਿਸਟਰ ਕਾਮਿਆਂ ਨੂੰ ਮੁਫਤ ਸਿਖਲਾਈ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਸਕੀਮ " ਮੇਰਾ ਕਾਮ, ਮੇਰਾ ਮਾਨ" ਅਧੀਨ ਰਜਿਸਟਰਡ ਕਾਮਿਆਂ ਨੂੰ ਮੁਫਤ ਇੰਡਸਟੀਰਿਅਲ ਟ੍ਰੇਨਿੰਗ ਦਿਵਾਉਣ ਦੇ ਨਾਲ 2500 ਪ੍ਰਤੀ ਮਹੀਨਾ ਪੂਰੇ ਇੱਕ ਸਾਲ ਲਈ ਦਿੱਤਾ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਯੋਜਨਾ " ਮੇਰਾ ਕਾਮ, ਮੇਰਾ ਮਾਨ" ਸਕੀਮ ਜ਼ਿਲ੍ਹੇ ਦੇ ਮਗਨਰੇਗਾ ਵਰਕਰਾਂ ਅਤੇ ਰਜਿਸਟਰਡ ਕਮਿਆਂ ਨੂੰ ਸਸ਼ਕਤ ਕਰਨ ਦਾ ਕੰਮ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਰਜਿਸਟਰਡ ਮਗਨਰੇਗਾ ਵਰਕਰਾਂ ਅਤੇ ਕਾਮਿਆਂ ਨੂੰ ਮੁਫਤ ਸਕਿੱਲ ਟ੍ਰੇਨਿੰਗ ਦਿਵਾਈ ਜਾਵੇਗੀ ਅਤੇ ਨਾਲ ਇਨ੍ਹਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਮਾਣਭੱਤਾ ਪੂਰੇ ਇਕ ਸਾਲ ਲਈ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਲੈਣ ਲਈ ਲਾਭਪਾਤਰੀਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਫੋਨ ਰਾਹੀਂ ਸੰਪਰਕ ਕਰ ਕੇ ਉਨ੍ਹਾਂ ਨੂੰ ਇਸ ਸਕੀਮ ਦੀ ਪੂਰਨ ਤੌਰ 'ਤੇ ਜਾਣਕਾਰੀ ਦਿੱਤੀ ਜਾ ਰਹੀ ਹੈ। ਚਾਹਵਾਨ ਮਗਨਰੇਗਾ ਵਰਕਰ ਅਤੇ ਲੇਬਰ ਕਾਮਿਆਂ ਨੂੰ ਜ਼ਿਲ੍ਹਾ ਜਲੰਧਰ ਵਿੱਚ ਚੱਲ ਰਹੇ ਸਕਿੱਲ ਕੋਰਸਾਂ ਵਿੱਚ ਦਾਖਲਾ ਕਰਵਾਇਆ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕੋਈ ਲਾਭਪਾਤਰੀ ਇਸ ਸਕੀਮ ਦਾ ਲਾਭ ਲੈਣਾ ਚਾਹੁੰਦੇ ਹਨ ਅਤੇ ਜੋ ਰਜਿਟਰਡ ਲੇਬਰ ਕਾਰਡ ਹੋਲਡਰ ਹਨ, ਉਹ ਜ਼ਿਲ੍ਹਾ ਪ੍ਰੋਗਰਾਮ ਮੈਨੇਜਮੈਂਟ ਯੂਨਿਟ ਵਿੱਚ ਤਾਇਨਾਤ ਸੂਰਜ ਕਲੇਰ ਨਾਲ ਮੋਬਾਇਲ ਨੰਬਰ 98786-60673 'ਤੇ ਸੰਪਰਕ ਕਰ ਸਕਦੇ ਹਨ।

## ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਸਮੂਹ ਪੇਂਡੂ ਪੱਧਰ ਉਦਯੋਗਪਤੀ (ਵੀ.ਐਲ.ਈਜ਼) ਨਾਲ ਮੀਟਿੰਗ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਲਾਭਪਤਾਰੀ ਵੱਖ-ਵੱਖ ਸਮਾਜਿਕ ਭਲਾਈ ਸਕੀਮਾਂ ਦਾ ਘਰ ਬੈਠੇ ਹੀ ਵੀ.ਐਲ.ਈ ਨਾਲ ਸੰਪਰਕ ਕਰਕੇ ਲੈ ਸਕਦੇ ਨੇ ਲਾਹਾ ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਸਮੂਹ ਪੇਂਡੂ ਪੱਧਰ ਉਦਯੋਗਪਤੀ (ਵੀ.ਐਲ.ਈ) ਨਾਲ ਜ਼ੂਮ ਰਾਹੀਂ ਮੀਟਿੰਗ ਕੀਤੀ ਗਈ, ਜਿਸ ਵਿਚ ਜਸਪਾਲ ਸਿੰਘ ਸਟੇਟ ਹੈੱਡ ਕਾਮਨ ਸਰਵਿਸ ਸੈਂਟਰ ਪੰਜਾਬ, ਪ੍ਰਵੀਨ ਕੁਮਾਰ ਜਿਲਾ ਮੈਨੇਜਰ, ਸੁਨੀਲ ਕੁਮਾਰ ਡੀ.ਐਮ, ਦਿਲਾਵਰ ਸਿੰਘ ਜ਼ਿਲਾ ਕੁਆਰਡੀਨੇਟਰ ਅਤੇ ਵੀ.ਐਲ.ਵੀ ਮੌਜੂਦ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲੇ ਅੰਦਰ ਜੋ ਲੋੜਵੰਦ ਲੋਕ, ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਮਾਜਿਕ ਭਲਾਈ ਸਕੀਮਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਗਏ ਸਨ, ਉਨਾਂ ਵਿਅਕਤੀਆਂ ਨੂੰ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਆਸ਼ਰਿਤ ਅਤੇ ਅਪੰਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ, ਸਰਬੱਤ ਸਿਹਤ ਬੀਮਾ ਕਾਰਡ, ਯੂ.ਡੀ.ਆਈ.ਡੀ ਕਾਰਡ, ਰਾਸ਼ਨ ਕਾਰਡ, ਲੇਬਰ ਕਾਰਡ, ਗਰਭਵਤੀ ਔਰਤਾਂ ਨੂੰ ਵਿੱਤੀ ਸਹਾਇਤਾ ਅਤੇ ਰੁਜ਼ਗਾਰ ਅਤੇ ਸਵੈ-ਰੋਜ਼ਗਾਰ ਸਥਾਪਤੀ ਕਰਨ ਆਦਿ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਉਨਾਂ ਦੇ ਕਾਰਡ ਬਣਾਏ ਜਾ ਰਹੇ ਹਨ ਤਾਂ ਜੋ ਉਹ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਲੈ ਸਕਣ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਕੈਂਪਾਂ ਦੌਰਾਨ ਉਪਰੋਕਤ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਲਾਭਪਾਤਰੀ ਵੀ.ਐਲ.ਵੀ ਕੋਲੋ ਜਾ ਕੇ ਫਾਰਮ ਭਰਵਾ ਕੇ ਆਪਣਾ ਕਾਰਡ ਬਣਵਾ ਸਕਦੇ ਹਨ। ਉਨਾਂ ਵੀ.ਐਲ.ਈ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਲੋੜਵੰਦ ਲਾਭਪਾਤਰੀਆਂ ਦੇ ਕਾਰਡ ਬਣਾਉਣ ਵਿਚ ਕਿਸੇ ਪ੍ਰਕਾਰ ਦੀ ਢਿੱਲਮੱਠ ਨਾ ਰੱਖਣ।

ਮੀਟਿੰਗ ਦੌਰਾਨ ਕਾਮਨ ਸਰਵਿਸ ਸੈਂਟਰ ਦੇ ਅਧਿਕਾਰੀਆਂ ਵਲੋਂ ਦੱਸਿਆ ਕਿ ਕਾਮਨ ਸਰਵਿਸ ਸੈਂਟਰ ਵਿਚ ਪੈਨ ਕਾਰਡ, ਪਾਸਪੋਰਟ, ਟੈਲੀ-ਮੈਡੀਸਨ, ਟੈਲੀ-ਲਾਅ, ਟੈਲੀਕੇਵੀਕੇ, ਬੈਂਕਿੰਗ ਸੇਵਾਵਾਂ (ਖਾਤਾ ਖੁੱਲ੍ਹਵਾਉਣ ਅਤੇ ਪੈਨਸ਼ਨ ਕਢਵਾਉਣ), ਸਰਬੱਤ ਸਿਹਤ ਬੀਮਾ ਕਾਰਡ, ਅਲਿਮਕੋ ਅਤੇ ਯੂਡੀਆਈਡੀ, ਡੀਟੀਐਚ ਰੀਚਾਰਜ, ਮੋਬਾਇਲ ਬਿੱਲ ਅਦਾਇਗੀ, ਈ.ਲਰਿਨੰਗ, ਬੀਮਾ, ਆਨਲਾਈਨ ਸਿਖਲਾਈ ਅਤੇ ਬਿਜਲੀ ਦੇ ਬਿੱਲ ਭਰਨ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਲੋਕ ਨੇੜੇ ਦੇ ਕਾਮਨ ਸਰਵਿਸ ਸੈਂਟਰ ਵਿਚ ਜਾ ਕੇ ਉਪਰੋਕਤ ਸਕੀਮਾਂ ਦਾ ਲਾਭ ਲੈ ਸਕਦੇ ਹਨ।

## ਜਾਗਦਾ ਪੰਜਾਬ ਮਿਸ਼ਨ ਵਲੋਂ ਐਡਵੋਕੇਟ ਨਮੋਲ ਨੂੰ ਕੀਤਾ ਜੋਨ ਇੰਚਾਰਜ ਯੂਥ ਸੁਨਾਮ ਨਿਯੁਕਤ

**ਸੁਨਾਮ/ਵਰਮਾ**

ਸੂਬੇ ਵਿੱਚ 2016 ਤੋਂ ਕੰਮ ਕਰ ਰਹੀ ਸਮਾਜਿਕ ਸੰਸਥਾ ਜਾਗਦਾ ਪੰਜਾਬ ਮਿਸ਼ਨ ਵਲੋਂ ਸੁਨਾਮ ਦੇ ਨੌਜਵਾਨ ਆਗੂ ਤੇ ਵੱਖੋ-ਵੱਖੋ ਮੁਦਿਆ ਤੇ ਨਿਰਧੱੜਕ ਆਵਾਜ਼ ਚੁੱਕਣ ਵਾਲੇ ਐਡਵੋਕੇਟ ਮਨਪ੍ਰੀਤ ਸਿੰਘ ਨਮੋਲ ਨੂੰ ਜੋਨ ਇੰਚਾਰਜ ਯੂਥ ਸੁਨਾਮ ਨਿਯੁਕਤ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਨਮੋਲ ਨੇ ਕਿਹਾ ਕਿ ਜਾਗਦਾ ਪੰਜਾਬ ਮਿਸ਼ਨ ਦੇ ਫਾਉਡਰ ਡਾ.ਕਰਮਜੀਤ ਸਿੰਘ ਸਰਾਂ ਸਾਬਕਾ ਆਈ.ਏ.ਐਸ, ਡਾਇਰੈਕਟਰ ਪਰਮਜੀਤ ਸਿੰਘ ਸਿੱਧੂ ਪੰਮੀ ਬਾਈ ਜੀ, ਆਈ ਸਰਜਨ ਲੁਧਿਆਣਾ ਤੇ ਇੰਚਾਰਜ ਸਹਾਇਤਾ ਆਲ ਇੰਡੀਆ ਡਾ.ਰਜਿੰਦਰ ਰਾਜੀ ਜੀ ਤੇ ਸ.ਜਸਵਿੰਦਰ ਸਿੰਘ ਸਾਬਕਾ ਮੈਨੇਜਰ ਐਫ.ਸੀ.ਆਈ ਨੇ ਸੰਗਰੂਰ ਸਥਿਤ ਇਕ ਹੋਟਲ ਵਿੱਚ ਮੀਟਿੰਗ ਤੋਂ ਬਾਅਦ ਐਡਵੋਕੇਟ ਨਮੋਲ ਦੀ ਨਿਯੁਕਤੀ ਕੀਤੀ ਗਈ। ਐਡਵੋਕੇਟ ਨਮੋਲ ਨੇ ਕਿਹਾ ਕਿ ਜਾਗਦਾ ਪੰਜਾਬ ਮਿਸ਼ਨ ਵਲੋਂ ਸੂਬੇ ਵਿੱਚ ਗਰੀਬ ਪਰਿਵਾਰਾਂ ਦੇ ਲਗਭਗ 1600 ਬੱਚਿਆਂ ਨੂੰ ਜਿੰਨਾ ਕੋਲ ਚੰਗੇ ਨੰਬਰ ਤਾਂ ਹਨ ਪਰ ਉਚੇਰੀ ਸਿੱਖਿਆ ਲੈਣ ਲਈ ਪੈਸਿਆਂ ਦੀ ਘਾਟ ਹੈ ਉਹਨਾਂ ਬੱਚਿਆਂ ਨੂੰ ਜਾਗਦਾ ਪੰਜਾਬ ਮਿਸ਼ਨ ਦੀ ਐਨ.ਜੀ.ਉ ਸਹਾਇਤਾ ਵਲੋਂ ਅਡੋਪਟ ਕੀਤਾ ਜਾਂਦਾ ਹੈ। ਐਡਵੋਕੇਟ ਨਮੋਲ ਨੇ ਖੁਸ਼ੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਮਾਣ ਪ੍ਰਾਪਤ ਹੋਇਆ ਹੈ ਕਿ ਉਸ ਸਮਾਜਿਕ ਸੰਸਥਾ ਦਾ ਹਿੱਸਾ ਬਣੇ ਹਨ ਜਿਹੜੀ ਕਿ ਪੰਜਾਬ ਦੇ ਕਿਰਤੀ ਲੋਕ ਦਿੱਲੀ ਦੇ ਬਾਰਡਰਾਂ ਤੇ ਸ਼ਹੀਦ ਹੋਏ ਜਾ ਘਰਾਂ ਵਿੱਚ ਆਪਣੀ ਆਰਥਿਕ ਮਜਬੂਰੀਆਂ ਕਾਰਨ ਖੁਦਕੁਸ਼ੀਆਂ ਕਰ ਗਏ ਤਾਂ ਉਹਨਾਂ ਦੇ ਬੱਚਿਆਂ ਦੀ ਸਿਖਿਆ ਦਾ ਜਿੰਮਾ ਜਾਗਦਾ ਪੰਜਾਬ ਮਿਸ਼ਨ ਆਪਣੇ ਮੋਢਿਆਂ ਤੇ ਲੈਂਦੀ ਹੈ ਐਡਵੋਕੇਟ ਨਮੋਲ ਨੇ ਦੱਸਿਆ ਕਿ ਲੋਕਾਂ ਨੂੰ ਆਪਣੇ ਹੱਕ ਹਾਕੂਕਾ ਦੀ ਹੋਂਦ ਲਈ ਜਗਾਉਣਾ ਅਤੇ ਲਾਮਬੰਦ ਕਰਨਾ ਹੀ ਜਾਗਦਾ ਪੰਜਾਬ ਮਿਸ਼ਨ ਦਾ ਅਸਲ ਟੀਚਾ ਹੈ ਤੇ ਉਸ ਟੀਚੇ ਉਪਰ ਆਪਣੀ ਬਣਦੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਵਾਉਣਗੇ ਅਤੇ ਸੁਨਾਮ ਜੋਨ ਦੇ ਲੋਕਾਂ ਨੂੰ ਉਹਨਾਂ ਦੇ ਬਣਦੇ ਹੱਕਾਂ ਦੀ ਪੂਰਤੀ ਦੀ ਲੜਾਈ ਮੁਹਰੀ ਕਤਾਰ 'ਚ ਹੋ ਕੇ ਲੜਨਗੇ ।








# ਜਦੋਂ ਤੱਕ ਪੰਜਾਬ ਭ੍ਰਿਸ਼ਟਾਚਾਰ ਮੁਕਤ ਨਹੀਂ ਹੁੰਦਾ ਉਦੋਂ ਤੱਕ ਸੰਘਰਸ਼ ਨਹੀਂ ਰੁਕੇਗਾ

**ਪਟਿਆਲਾ/ਜਗਦੀਸ ਰਾਈਕਾ**

ਭ੍ਰਿਸ਼ਟਾਚਾਰ ਤੋਂ ਪੰਜਾਬ ਨੂੰ ਛੁਟਕਾਰਾਂ ਦਿਵਾਉਣ ਲਈ ਨਿਊ ਪਟਿਆਲਾ ਵੈਲਫੇਅਰ ਕਲੱਬ ਵਲੋਂ ਪਿਛਲੇ ਲੰਮੇ ਸਮੇਂ ਤੋਂ ਅਵਾਜ ਬੁਲੰਦ ਕਰ ਸੰਘਰਸ਼ ਕਰਦਾ ਆ ਰਿਹਾ ਹੈ। ਇਸ ਨੂੰ ਲੈ ਕੇ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਭ੍ਰਿਸ਼ਟਾਚਾਰ ਰੂਪੀ ਰਾਖਸ਼ਸ਼ ਦਾ ਪੁੱਤਲਾ ਫੂਕ ਕੇ ਭ੍ਰਿਟਾਚਾਰੀਆਂ ਖਿਲਾਫ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਭ੍ਰਿਸ਼ਟਾਚਾਰੀ ਪੰਜਾਬ ਦੀ ਅਰਥ ਵਿਵਸਥਾ ਨੂੰ ਘੁਣ ਵਾਂਗ ਖਾ ਰਹੇ ਹਨ। ਅਨੇਕਾਂ ਭ੍ਰਿਸ਼ਟਾਚਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਆਪਣੀ ਤਾਕਤ ਤੇ ਆਹੁਦੇ ਦਾ ਇਸਤੇਮਾਲ ਕਰਕੇ ਪੰਜਾਬ ਨੂੰ ਅੰਦਰੋ ਹੀ ਅੰਦਰੋ ਖੋਖਲਾ ਕਰ ਬਰਬਾਦ ਕਰਨ ਦੇ ਰਾਹ ਤੇ ਤੁਰੇ ਹੋਏ ਹਨ ਇਨ੍ਹਾਂ ਕਾਰਨ ਪੰਜਾਬ ਕਰਜਾਈ ਤੇ ਕੰਗਾਲ ਹੋ ਗਿਆ ਹੈ। ਜਿਸ ਕਰਕੇ ਪੰਜਾਬ ਦੇ ਹਾਲਤ ਬੇਹੱਦ ਨਾਜੁਕ ਹੋ ਚੁੱਕੇ ਹਨ ਇਨ੍ਹਾਂ ਭ੍ਰਿਸ਼ਟਾਚਾਰੀਆਂ ਵੱਲੋਂ ਪੰਜਾਬ ਦਾ ਖਜਾਨਾ ਪੂਰੀ ਤਰ੍ਹਾਂ ਲੁੱਟਿਆ ਗਿਆ। ਇਨ੍ਹਾਂ ਕਾਰਨ ਸਰਕਾਰੀ ਖਜਾਨੇ ਦਾ ਕਰੋੜਾਂ ਰੁਪਇਆ ਦਾ ਨੁਕਸਾਨ ਹੋ ਚੁੱਕਾ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਜੇਕਰ ਕੋਈ ਅਧਿਕਾਰੀ, ਕਰਮਚਾਰੀ ਰਿਸ਼ਵਤ ਲੈਂਦਾ ਜਾ ਕਿਸੇ ਤਰ੍ਹਾਂ ਦਾ ਭ੍ਰਿਸ਼ਟਾਚਾਰ ਕਰਦਾ ਫੜਿਆ ਜਾਵੇ ਤਾਂ ਉਸ ਨੂੰ ਨੌਕਰੀ ਤੋਂ ਡਿਸਮਿਸ ਕਰਕੇ ਉਸ ਦੀ ਸਰਵਿਸ ਦੌਰਾਨ ਬਣਾਇਆ ਗੈਰ ਕਾਨੂੰਨੀ ਜਾਇਦਾਦਾਂ ਨੂੰ ਤੁਰੰਤ ਜਬਤ ਕਰਕੇ ਉਸ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਭ੍ਰਿਸ਼ਟਾਚਾਰੀਆਂ ਨੂੰ ਇੱਕ ਸੰਦੇਸ਼ ਜਾਵੇ ਕਿ ਹੁਣ ਉਹ ਬਚ ਨਹੀਂ ਸਕਦੇ। ਇਸ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਤੇ ਨਕੇਲ ਕਸਣਾ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣਾ ਹੋਵੇਗਾ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਭ੍ਰਿਸ਼ਟਾਚਾਰੀ ਲੋਕਾਂ ਦੀਆਂ ਜੇਬਾਂ ਤੇ ਸਰਕਾਰੀ ਖਜਾਨੇ ਤੇ ਡਾਕੇ ਮਾਰਨ ਲੱਗੇ ਹੋਏ ਹਨ। ਪੰਜਾਬ ਨੂੰ ਤਬਾਹ ਕਰਨ ਅਨੇਕਾਂ ਅਧਿਕਾਰੀ, ਕਰਮਚਾਰੀ ਇਹ ਪੂਰੀ ਤਰ੍ਹਾਂ ਜਿੰਮੇਵਾਰ ਹਨ। ਭ੍ਰਿਸ਼ਟਾਚਾਰੀ ਰੂਪੀ ਰਾਖਸ਼ਸ਼ ਨੂੰ ਕਾਬੂ ਕਰ ਨਾ ਸਾੜਿਆ ਗਿਆ ਤਾਂ ਸਾਡੀ ਖੂਨ ਪਸੀਨੇ ਦੀ ਕਮਾਈ ਨੂੰ ਨਿਗਲਦਾ ਹੀ ਰਹੇਗਾ। ਭ੍ਰਿਸ਼ਟਾਚਾਰ ਤੋਂ ਪੰਜਾਬ ਨੂੰ ਮੁਕਤ ਕਰਵਾਉਣ ਲਈ ਮੌਜੂਦਾ ਸਿਸਟਮ ਨੂੰ ਬਦਲਣ ਲਈ ਤੇ ਪੂਰੀ ਤਰ੍ਹਾਂ ਲੁੱਟ ਨੂੰ ਰੋਕਣ ਲਈ ਕੈਪਟਨ ਸਰਕਾਰ ਨੂੰ ਵਿਸ਼ੇਸ਼ ਤੇ ਸਖਤ ਕਦਮ ਚੁੱਕਣ ਦੀ ਲੋੜ ਹੈ ਤਾਂ ਜੋ ਦੀਮਕ ਰੂਪੀ ਸਿਸਟਮ ਦਾ ਪੱਕਾ ਇਲਾਜ ਕਰਕੇ ਸਿਸਟਮ ਨੂੰ ਪਾਰਦਰਸ਼ੀ ਬਣਾਇਆ ਜਾਵੇ। ਭ੍ਰਿਸ਼ਟਾਚਾਰ ਤੋਂ ਪੰਜਾਬ ਨੂੰ ਮੁਕਤ ਕਰਵਾਉਣ ਲਈ ਕਲੱਬ ਵੱਲੋਂ ਸੰਘਰਸ਼ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਰਾਜ ਕੁਮਾਰ, ਤੀਰਥ ਰਾਮ, ਬੀਬੀ ਅਵਿਨਾਸ਼ ਸ਼ਰਮਾ, ਨਰੇਸ਼ ਕੁਮਾਰ, ਬਲਜਿੰਦਰ ਸਿੰਘ, ਪਰਮਿੰਦਰ ਸਿੰਘ ਗੋਨਾ, ਕੇਵਲ ਸਿੰਘ, ਕਰਮ ਸਿੰਘ, ਅਵਤਾਰ ਸਿੰਘ, ਸਤਵੰਤ ਸਿੰਘ, ਭੋਲਾ ਸਿੰਘ, ਦੇਵ ਸਿੰਘ, ਬਲਵਿੰਦਰ ਸਿੰਘ, ਜਮੀਲ ਖਾਨ, ਜਗਤਾਰ ਸਿੰਘ, ਹੇਮੰਤ ਕੁਮਾਰ ਆਦਿ ਹਾਜਰ ਸਨ।

# ਬੇਰੁਜਗਾਰ ਸਾਂਝਾ ਮੋਰਚਾ ਵੱਲੋਂ ਮੁੜ ਮੋਤੀ ਮਹਿਲ ਦੇ ਘਿਰਾਓ ਦਾ ਐਲਾਨ




## ■ ਮੁੱਖ ਮੰਤਰੀ ਦੇਣ ਰੁਜਗਾਰ ਦਾ ਵਾਅਦਾ ਚੇਤੇ ਕਰਵਾਉਣ ਲਈ ਜਾਣਗੇ ਮੁੱਖ ਮੰਤਰੀ ਦੇ ਸ਼ਹਿਰ

**ਸੰਗਰੂਰ/ਦਲਜੀਤ ਕੌਰ ਭਵਾਨੀਗੜ੍ਹ**

ਰੁਜਗਾਰ ਪ੍ਰਾਪਤੀ ਲਈ ਸਿੱਖਿਆ ਮੰਤਰੀ ਦੀ ਕੋਠੀ ਘੇਰ ਕੇ ਕਰੀਬ 235 ਦਿਨਾਂ ਤੋਂ ਬੈਠੇ ਬੇਰੁਜਗਾਰ ਸਾਂਝੇ ਮੋਰਚੇ ਨੇ 25 ਅਗਸਤ ਨੂੰ ਮੁੜ ਮੋਤੀ ਮਹਿਲ ਅੱਗੇ ਜਾ ਕੇ ਰੁਜਗਾਰ ਦੀ ਗੁਹਾਰ ਲਗਾਉਣ ਦਾ ਫੈਸਲਾ ਕੀਤਾ ਹੈ। ਬੇਰੁਜਗਾਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਆਗੂ ਸੁਖਵਿੰਦਰ ਸਿੰਘ ਢਿੱਲਵਾਂ, ਜਗਸੀਰ ਸਿੰਘ ਘੁਮਾਣ, ਕ੍ਰਿਸਨ ਸਿੰਘ ਨਾਭਾ ਅਤੇ ਹਰਜਿੰਦਰ ਸਿੰਘ ਝੁਨੀਰ ਨੇ ਕਿਹਾ ਕਿ ਸਿੱਖਿਆ ਮੰਤਰੀ ਹਰੇਕ ਮੀਟਿੰਗ ਵਿੱਚ ਬੇਰੁਜਗਾਰਾਂ ਨੂੰ ਭਰਤੀ ਕਰਨ ਦੇ ਐਲਾਨ ਤੋਂ ਟਾਲਾ ਵੱਟ ਰਹੇ ਹਨ। ਆਗੂਆਂ ਨੇ ਕਿਹਾ ਕਿ 15 ਅਗਸਤ ਨੂੰ ਸੰਗਰੂਰ ਡਿਪਟੀ ਕਮਿਸਨਰ ਦੀ ਕੋਠੀ ਵਿਚ ਘਿਰਾਓ ਮੌਕੇ ਸਿੱਖਿਆ ਮੰਤਰੀ ਨੇ ਇਹ ਕਹਿ ਕੇ ਖਹਿੜਾ ਛੁਡਵਾਇਆ ਸੀ ਕਿ 18 ਅਗਸਤ ਦੀ ਪੈਨਲ ਮੀਟਿੰਗ ਵਿੱਚ ਸਾਰੇ ਹੱਲ ਕੀਤੇ ਜਾਣਗੇ। ਪਰ ਅਫਸੋਸ ਕਿ ਮੀਟਿੰਗ ਮੌਕੇ ਕੋਈ ਵੀ ਮਸਲਾ ਹੱਲ ਨਹੀਂ ਕੀਤਾ। ਬੇਰੁਜਗਾਰਾਂ ਨੇ ਹਰੇਕ ਮੋੜ ਉੱਤੇ ਮੰਤਰੀ ਨੂੰ ਘੇਰਨ ਦਾ ਐਲਾਨ ਕੀਤਾ ਹੋਇਆ ਹੈ ਅਤੇ ਲਗਾਤਾਰ ਘਿਰਾਓ ਜਾਰੀ ਹਨ। ਉਨ੍ਹਾਂ ਕਿਹਾ ਕਿ 25 ਅਗਸਤ ਨੂੰ ਬੇਰੁਜਗਾਰ ਬਾਰਾਂਦਰੀ ਗਾਰਡਨ ਤੋ ਮਾਰਚ ਕਰਕੇ ਮੋਤੀ ਮਹਿਲ ਪਹੁੰਚਣਗੇ। ਇਸ ਮੌਕੇ ਗਗਨਦੀਪ ਕੌਰ, ਮਨਪ੍ਰੀਤ ਕੌਰ, ਪ੍ਰੀਤ ਇੰਦਰ ਕੌਰ, ਅਮਨ ਸੇਖਾ, ਰਣਵੀਰ ਨਦਾਮਪੁਰ, ਬਲਕਾਰ ਮਘਾਣੀਆ, ਕੁਲਵੰਤ ਲੌਂਗੋਵਾਲ, ਤਰਲੋਚਨ ਸਿੰਘ, ਜਗਜੀਤ ਸਿੰਘ ਜੱਗੀ ਜੋਧਪੁਰ, ਕਰਮਜੀਤ ਸਿੰਘ, ਅਵਤਾਰ ਸਿੰਘ, ਅਲਕਾ ਰਾਣੀ, ਸਸ ਪਾਲ ਸਿੰਘ, ਰਣਬੀਰ ਸਿੰਘ, ਸਤਨਾਮ ਸਿੰਘ, ਸੰਦੀਪ ਮੋਫਰ ਅਤੇ ਗੁਰਸੰਤ ਸਿੰਘ ਆਦਿ ਹਾਜਰ ਸਨ।

# ਮਲੇਰਕੋਟਲਾ ਜ਼ਿਲ੍ਹਾ ਬਣਨ ਦੇ ਦੋ ਮਹੀਨਿਆਂ ਵਿੱਚ ਹੀ 113 ਨਸ਼ਾ ਤਸਕਰ ਅਤੇ 34 ਜੁਆਰੀ ਗ੍ਰਿਫ਼ਤਾਰ

**ਮਲੇਰਕੋਟਲਾ/ਲੋਕ ਬਾਣੀ**



ਮਲੇਰਕੋਟਲਾ ਦੇ ਜ਼ਿਲ੍ਹਾ ਬਣਨ ਦੇ ਦੋ ਮਹੀਨਿਆਂ ਦੇ ਅੰਦਰ, ਮਲੇਰਕੋਟਲਾ ਪੁਲਿਸ ਨੇ ਨਸ਼ਿਆਂ ਦੇ ਖਲਿਾਫ ਵੱਡੀ ਮੁਹਿੰਮ ਤਹਿਤ ਪੁਲਿਸ ਕਾਰਵਾਈ ਵਿਚ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਨਾਲ 113 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ ।ਇਸ ਗੱਲ ਦੀ ਜਾਣਕਾਰੀ ਐਸ.ਐਸ.ਪੀ. ਸ੍ਰੀਮਤੀ ਕੰਵਰਦੀਪ ਕੌਰ ਨੇ ਦਿੱਤੀ । ਉਨ੍ਹਾਂ ਦੱਸਿਆ ਕਿ ਮਲੇਰਕੋਟਲਾ ਪੁਲਿਸ ਨੇ ਵੱਖ-ਵੱਖ ਅਹਾਤਿਆਂ ਅਤੇ ਜੂਏ ਦੇ ਅੱਡਿਆਂ 'ਤੇ ਸਫਲਤਾਪੂਰਵਕ ਛਾਪੇਮਾਰੀ ਕੀਤੀ ਹੈ ਅਤੇ 34 ਸਰਗਰਮ ਜੁਆਰੀਆਂ ਨੂੰ ਗ੍ਰਿਫਤਾਰ ਕੀਤਾ ਹੈ ।ਇਸ ਤੋਂ ਇਲਾਵਾ ਜ਼ਿਲ੍ਹਾ ਪੁਲਿਸ ਵਲੋਂ 17 ਸਰਗਰਮ ਗੈਂਗਸਟਰਾਂ ਨੂੰ ਗੈਰਕਨੂੰਨੀ ਹਥਿਆਰਾਂ ਅਤੇ ਗੋਲਾ ਬਾਰੂਦ ਨਾਲ ਗ੍ਰਿਫਤਾਰ ਕੀਤਾ ਹੈ ਅਤੇ 7 ਅਪਰਾਧੀ ਗਿਰੋਹਾਂ ਦਾ ਵੀ ਪਰਦਾਫਾਸ਼ ਕੀਤਾ ਹੈ ।

# ਮਨਰੇਗਾ ਕਰਮਚਾਰੀਆਂ ਨੂੰ 48 ਘੰਟਿਆਂ 'ਚ ਡਿਊਟੀ 'ਤੇ ਹਾਜ਼ਰ ਹੋਣ ਦੀ ਹਦਾਇਤ

**ਹੰਡਿਆਇਆ/ਲੋਕ ਬਾਣੀ**

ਸੰਯੁਕਤ ਵਿਕਾਸ ਕਮਿਸ਼ਨਰ- ਕਮ -ਕਮਿਸ਼ਨਰ ਮਨਰੇਗਾ (ਪੰਜਾਬ ) ਮੁਹਾਲੀ ਵਲੋਂ ਸਮੂਹ ਜ਼ਿਲ੍ਹਿਆਂ ਦੇ ਏ.ਡੀ.ਸੀ. (ਵਿਕਾਸ) ਨੂੰ ਭੇਜੇ ਪੱਤਰ ਰਾਹੀਂ ਕਿਹਾ ਕਿ ਮਨਰੇਗਾ ਕਰਮਚਾਰੀਆਂ ਵਲੋਂ ਸੂਬੇ ਭਰ 'ਚ 9 ਜੁਲਾਈ 2021 ਤੋਂ ਹੜਤਾਲ 'ਤੇ ਚੱਲ ਰਹੇ ਹਨ। ਜਿਸ ਕਾਰਨ ਮਨਰੇਗਾ ਸਕੀਮ ਅਧੀਨ ਸੂਬੇ 'ਚ ਵਿਕਾਸ ਕਾਰਜਾਂ ਦੀ ਪ੍ਰਗਤੀ ਵਿਚ ਰੁਕਾਵਟ ਆਈ ਹੈ। ਪੱਤਰ ਭੇਜ ਕੇ ਹਦਾਇਤ ਕੀਤੀ ਗਈ ਹੈ ਕਿ 48 ਘੰਟਿਆਂ 'ਚ ਮੁਲਾਜ਼ਮ ਆਪਣੀ ਡਿਊਟੀ 'ਤੇ ਹਾਜ਼ਰ ਹੋ ਜਾਣ, ਨਹੀਂ ਤਾਂ ਉਨ੍ਹਾਂ ਦੀਆਂ ਸੇਵਾਵਾਂ 'ਚ ਸ਼ਰਤਾਂ ਅਨੁਸਾਰ ਕਾਰਵਾਈ ਕੀਤੀ ਹੋਵੇਗੀ

# ਨਹੀਂ ਰਹੇ ਇੰਦਰਜੀਤ ਸਿੰਘ ਖ਼ਾਲਸਾ

**ਨਵਾਂਸ਼ਹਿਰ/ਲੋਕ ਬਾਣੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਜਥੇਦਾਰ ਗੁਰਬਖਸ਼ ਸਿੰਘ ਖ਼ਾਲਸਾ, ਕੌਂਸਲਰ ਸ. ਪਰਮ ਸਿੰਘ ਖ਼ਾਲਸਾ ਦੇ ਪਿਤਾ ਸ. ਇੰਦਰਜੀਤ ਸਿੰਘ ਖ਼ਾਲਸਾ ਅੱਜ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਖ਼ਾਲਸਾ ਜੀ ਕਰੀਬ ਇਕ ਮਹੀਨੇ ਤੋਂ ਬਿਮਾਰ ਹੋਣ ਕਰ ਕੇ ਜਲੰਧਰ ਅਤੇ ਨਵਾਂਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਅਧੀਨ ਸਨ। ਬੀਤੀ ਰਾਤ ਇੱਥੋਂ ਦੇ ਇਕ ਨਿੱਜੀ ਹਸਪਤਾਲ 'ਚ ਉਨ੍ਹਾਂ ਨੇ 11.45 ਵਜੇ ਆਖ਼ਰੀ ਸਾਹ ਲਿਆ। ਉਹ ਕਰੀਬ 77 ਵਰ੍ਹਿਆਂ ਦੇ ਸਨ। ਸ. ਖ਼ਾਲਸਾ ਜੀ ਦੀ ਮ੍ਰਿਤਕ ਦੇਹ ਦਾ ਸਸਕਾਰ ਜਥੇਦਾਰ ਗੁਰਬਖ਼ਸ਼ ਸਿੰਘ ਖ਼ਾਲਸਾ ਜੋ ਕਿ ਅਸਟਰੀਆ ਅਤੇ ਉਨ੍ਹਾਂ ਦੇ ਛੋਟੇ ਪੁੱਤਰ ਜਸਵਿੰਦਰ ਸਿੰਘ ਖ਼ਾਲਸਾ ਕੈਨੇਡਾ ਦੇ ਇੱਥੇ ਆਉਣ ਉਪਰੰਤ ਕੀਤਾ ਜਾਵੇਗਾ।

# ਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਪਿੰਡ ਸਿੱਧੂਵਾਲ ਇਕਾਈ ਕਮੇਟੀ ਦੀ ਚੋਣ

**ਪਟਿਆਲਾ/ਜਗਦੀਸ ਰਾਈਕਾ**

ਜਿਲ੍ਹਾ ਪ੍ਰਧਾਨ ਜੰਗ ਸਿੰਘ ਭਟੇੜੀ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਿਉਣਾ, ਹਰਨੇਕ ਸਿੰਘ ਬਲਾਕ ਕਮੇਟੀ ਮੈਂਬਰ ਦੀ ਅਗਵਾਈ ਵਿੱਚ ਪਿੰਡ ਸਿੱਧੂਵਾਲ ਦੀ ਇਕਾਈ ਕਮੇਟੀ ਦੀ ਚੋਣ ਸਰਵ ਸੰਮਤੀ ਨਾਲ ਹੋਈ। ਇਕਾਈ ਕਮੇਟੀ ਨੇ ਭਰੋਸਾ ਦਿਵਾਇਆ ਕਿ ਵੱਡੀ ਗਿਣਤੀ ਵਿੱਚ ਦਿੱਲੀ ਚੱਲ ਰਹੇ ਸੰਘਰਸ਼ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਲੈ ਕੇ ਸ਼ਮੂਲੀਅਤ ਕਰਨ ਦਾ ਭਰੋਸਾ ਦਿਵਾਇਆ। ਕਮੇਟੀ ਮੈਂਬਰ ਇਸ ਪ੍ਰਕਾਰ ਚੁਣੇ ਗਏ ਇਕਾਈ ਪ੍ਰਧਾਨ ਗੁਰਜਿੰਦਰ ਸਿੰਘ, ਜਨਰਲ ਸਕੱਤਰ ਮਨਦੀਪ ਸਿੰਘ, ਖਜਾਨਚੀ ਪ੍ਰਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ ਅਤੇ ਅਮਰੀਕ ਸਿੰਘ, ਜਥੇਬੰਦਕ ਸਕੱਤਰ ਨਰਿੰਦਰ ਸਿੰਘ, ਪ੍ਰੈਸ ਸਕੱਤਰ ਬੂਟਾ ਖਾਨ ਚੁਣੇ ਗਏ।



PB 32 LOUNGE AND BAR







M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਬੇਰੁਜਗਾਰ ਮਲਟੀ ਪਰਪਜ ਹੈਲਥ ਵਰਕਰਾਂ ਵੱਲੋਂ ਬਲਵੀਰ ਸਿੰਘ ਸਿੱਧੂ ਦੀ ਕੋਠੀ ਦੇ ਘਿਰਾਓ ਦਾ ਐਲਾਨ



**ਸੰਗਰੂਰ/ਲੋਕ ਬਾਣੀ**

ਪਿਛਲੇ ਕਰੀਬ 8 ਮਹੀਨੇ ਤੋਂ ਬੇਰੁਜਗਾਰ ਸਾਂਝੇ ਮੋਰਚੇ ਦੀ ਅਗਵਾਈ ਵਿਚ ਸੰਗਰੂਰ ਵਿਖੇ ਸਿੱਖਿਆ ਮੰਤਰੀ ਦੀ ਕੋਠੀ ਦੇ ਗੇਟ ਉੱਤੇ ਪੱਕਾ ਮੋਰਚਾ ਲਗਾ ਕੇ ਬੈਠੇ ਬੇਰੁਜਗਾਰ ਸਾਂਝੇ ਮੋਰਚੇ ਨੇ ਬੇਰੁਜਗਾਰ ਮਲਟੀ ਪਰਪਜ ਹੈਲਥ ਵਰਕਰ ਯੂਨੀਅਨ ਦੀਆਂ ਮੰਗਾਂ ਲਈ 24 ਅਗਸਤ ਨੂੰ ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ ਦੀ ਮੋਹਾਲੀ ਵਿਖੇ ਕੋਠੀ ਦੇ ਘਿਰਾਓ ਦਾ ਐਲਾਨ ਕੀਤਾਂ ਹੈ।

ਮੋਰਚੇ ਦੇ ਆਗੂ ਸੁਖਵਿੰਦਰ ਸਿੰਘ ਢਿੱਲਵਾਂ,ਜਸਪਾਲ ਸਿੰਘ ਘੁੰਮਣ ਅਤੇ ਗਗਨਦੀਪ ਕੌਰ ਨੇ ਕਿਹਾ ਕਿ ਜਿੱਥੇ ਸਿੱਖਿਆ ਮੰਤਰੀ ਬੇਰੁਜਗਾਰਾਂ ਦੀ ਗੱਲ ਨਹੀਂ ਸੁਣ ਰਹੇ ਉਥੇ ਸਿਹਤ ਮੰਤਰੀ ਵੀ ਮੋਰਚੇ ਵਿੱਚ ਬੇਰੁਜਗਾਰ ਮਲਟੀ ਪਰਪਜ ਹੈਲਥ ਵਰਕਰਾਂ ਦੀਆਂ ਮੰਗਾਂ ਨੂੰ ਦਰ ਕਿਨਾਰ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਸਿਤਮ ਦੀ ਗੱਲ ਹੈ ਕਿ ਅਨੇਕਾ ਵਾਰ ਸੰਗਰੂਰ ਅਤੇ ਪਟਿਆਲਾ ਪ੍ਰਸਾਸਨ ਵੱਲੋ ਸਿਹਤ ਵਰਕਰਾਂ ਨੂੰ ਦਿੱਤੀਆਂ ਲਿਖਤੀ ਪੈਨਲ ਮੀਟਿੰਗਾਂ ਵੀ ਨੇਪਰੇ ਨਹੀਂ ਚੜ੍ਹੀਆਂ। ਉਨ੍ਹਾਂ ਕਿਹਾ ਕਿ ਬੇਰੁਜਗਾਰ ਵਰਕਰ ਉਮਰ ਹੱਦ ਛੋਟ ਦੇ ਕੇ ਕੈਬਨਿਟ ਵਿੱਚ ਪਹਿਲਾਂ ਤੋ ਪ੍ਰਵਾਨ ਹੋ ਚੁੱਕੀਆਂ 180 ਪੋਸਟਾਂ ਦਾ ਇਸਤਿਹਾਰ ਜਾਰੀ ਕਰਨ ਅਤੇ 200 ਸਿਹਤ ਵਰਕਰ ਪੁਰਸ ਦੀ ਚੱਲ ਰਹੀ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਦੀ ਮੰਗ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਮੰਗਾਂ ਨਾਂ ਮੰਨੀਆਂ ਤਾਂ ਸਿਹਤ ਮੰਤਰੀ ਦੀ ਮੋਹਾਲੀ ਕੋਠੀ ਅੱਗੇ ਪੱਕਾ ਮੋਰਚਾ ਸੁਰੂ ਕੀਤਾ ਜਾਵੇਗਾ।

ਇਸ ਮੌਕੇ ਕਰਮਜੀਤ ਸਿੰਘ ਜਗਜੀਤ ਪੂਰਾ, ਜਸਵੀਰ ਸਿੰਘ ਤਪਾ, ਲੱਖ ਜੋਗਾ, ਜਸਪਾਲ ਸਿੰਘ ਪਾਲੀ ਧੀਂਗੜ, ਰਾਜ ਸੰਗਤੀਵਾਲਾ, ਤਰਲੋਚਨ ਸਿੰਘ, ਜਗਜੀਤ ਸਿੰਘ ਬਠਿੰਡਾ, ਗੁਰਸੰਤ ਸਿੰਘ ਚੰਗਾਲ, ਗੁਰਸੇਵਕ ਸਿੰਘ, ਮਨਪ੍ਰੀਤ ਸਿੰਘ ਭੁੱਚੋ ਕਲਾਂ, ਗੁਰਪਿਆਰ ਸਿੰਘ ਮਾਨਸਾ ਅਤੇ ਬੂਟਾ ਸਿੰਘ ਸੇਲਬਰਾਹ ਆਦਿ ਹਾਜਰ ਸਨ।

# ਮੁਲਾਜਮਾਂ ਅਤੇ ਪੈਨਸ਼ਨਰਾਂ ਵੱਲੋਂ ਧਰਨਾ ਤੇ ਸੰਕੇਤਕ ਚੱਕਾ ਜਾਮ



**ਪਟਿਆਲਾ/ਲੋਕ ਬਾਣੀ**

ਕੈਪਟਨ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਮੁਤਾਬਿਕ ਮੁਲਾਜਮਾਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤੇ ਜਾਣ ਖਿਲਾਫ ਅੱਜ 'ਪੰਜਾਬ-ਯੂ.ਟੀ. ਮੁਲਾਜਮ ਤੇ ਪੈਨਸ਼ਨਰਜ ਸਾਂਝਾ ਫਰੰਟ' ਦੀ ਅਗਵਾਈ ਵਿੱਚ ਡੀ.ਸੀ. ਦਫਤਰ ਵਿਖੇ ਧਰਨਾ ਦੇਣ ਉਪਰੰਤ ਸੰਕੇਤਕ ਤੌਰ ਤੇ ਚੱਕਾ ਜਾਮ ਕੀਤਾ ਗਿਆ। ਜਿਕਰਯੋਗ ਹੈ ਕਿ ਪੰਜਾਬ ਦੇ ਮੁਲਾਜਮ ਲੰਮੇ ਸਮੇਂ ਤੋਂ ਛੇਵੇਂ ਤਨਖਾਹ ਕਮਿਸਨ ਵਿੱਚ ਮੁਲਾਜਮ ਹਿੱਤਾਂ ਅਨੁਸਾਰ ਸੋਧਾਂ ਕਰਵਾਉਣ, ਅਨਰਿਵਾਇਜਡ ਕੈਟਾਗਰੀਆਂ ਦੇ ਸਕੇਲਾਂ ਨੂੰ ਰਿਵਾਇਜ ਕਰਵਾਉਣ, ਸਮੂਹ ਕੱਚੇ ਮੁਲਾਜਮਾਂ ਨੂੰ ਵਿਭਾਗੀ ਪੋਸਟਾਂ ਤੇ ਰੈਗੂਲਰ ਕਰਵਾਉਣ, ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਮਾਣ ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਵਾਉਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਵਾਉਣ, ਨਵੇਂ ਭਰਤੀ ਕੀਤੇ ਜਾ ਰਹੇ ਮੁਲਾਜਮਾਂ 'ਤੇ ਕੇਂਦਰੀ ਤਨਖਾਹ ਸਕੇਲਾਂ ਦੇ ਬਜਾਏ ਪੰਜਾਬ ਦੇ ਸਕੇਲ ਲਾਗੂ ਕਰਵਾਉਣ ਅਤੇ ਪੁਨਰਗਠਨ ਦੇ ਨਾਂ ਹੇਠ ਵੱਖ-ਵੱਖ ਵਿਭਾਗਾਂ ਅੰਦਰ ਕੀਤੇ ਜਾ ਰਹੇ ਅਸਾਮੀਆਂ ਦੇ ਖਾਤਮੇ ਨੂੰ ਰੁਕਵਾਉਣ ਲਈ ਸੰਘਰਸ਼ ਕਰ ਰਹੇ ਹਨ।

## ■ ਮੁਲਾਜਮ ਮੰਗਾਂ ਪੂਰੀਆਂ ਨਾ ਕੀਤੇ ਜਾਣ ਤੇ ਭੜਕੇ ਮੁਲਾਜਮ

ਇਸ ਮੌਕੇ ਸੰਬੋਧਨ ਕਰਦਿਆਂ ਮੁਲਾਜਮ ਆਗੂਆਂ ਨਿਰਮਲ ਸਿੰਘ ਧਾਲੀਵਾਲ, ਦਰਸ਼ਨ ਲੁਬਾਣਾ, ਦਰਸਨ ਬੇਲੂਮਾਜਰਾ, ਗੁਰਮੀਤ ਵਾਲੀਆ, ਹਰਦੀਪ ਟੋਡਰਪੁਰ, ਸੁਰਿੰਦਰ ਸਿੰਘ ਫਰੀਦਪੁਰ, ਧਨਵੰਤ ਸਿੰਘ ਭੱਠਲ, ਜਗਰੂਪ ਸਿੰਘ ਮਹਿਮਦਪੁਰ, ਹਰਭਜਨ ਪਿਲਖਣੀ, ਅਵਤਾਰ ਸਿੰਘ ਸ਼ੇਰਗਿੱਲ ਨੇ ਆਖਿਆ ਕਿ ਭਾਵੇਂ ਕੈਪਟਨ ਸਰਕਾਰ ਦੁਆਰਾ ਗਠਿਤ ਕੀਤੀ ਕੈਬਨਿਟ ਸਬ-ਕਮੇਟੀ ਨੇ ਪਿਛਲੇ ਦਿਨਾਂ ਦੌਰਾਨ ਪੰਜਾਬ ਯੂ.ਟੀ. ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੁਆਰਾ ਤਿੰਨ ਮੀਟਿੰਗਾਂ ਕੀਤੀਆਂ ਗਈਆਂ ਹਨ ਪਰ ਇਸ ਕਮੇਟੀ ਨੇ ਮੁਲਾਜਮਾਂ ਦੀ ਕਿਸੇ ਵੀ ਮੰਗ ਨੂੰ ਪ੍ਰਵਾਨ ਨਹੀਂ ਕੀਤਾ ਜਿਸਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਕਮੇਟੀ ਮੰਗਾਂ ਦੇ ਹੱਲ ਲਈ ਨਹੀਂ ਸਗੋਂ ਸੰਘਰਸ ਨੂੰ ਠੰਢਾ ਕਰ ਦੀ ਮਨਸ਼ਾ ਤਹਿਤ ਗਠਿਤ ਕੀਤੀ ਗਈ ਹੈ।

ਮੁਲਾਜਮ ਆਗੂਆਂ ਜਸਵੀਰ ਖੋਖਰ, ਜਗਮੋਹਨ ਨੋਲੱਖਾ, ਪਰਵੀਨ ਸ਼ਰਮਾਂ, ਰਾਕੇਸ ਬਾਤਿਸ, ਬਲਬੀਰ ਮੰਡੋਲੀ, ਨਰਿੰਦਰ ਕੁਮਾਰ ਸ਼ਰਮਾਂ, ਸੰਤੋਖ ਸਿੰਘ ਬੋਪਾਰਾਏ, ਹਰਸ਼ਰਨਜੀਤ ਕੌਰ, ਬਲਜਿੰਦਰ ਸਿੰਘ, ਉੱਤਮ ਸਿੰਘ ਬਾਗੜੀ, ਰਜਿੰਦਰ ਸਿੰਘ, ਵਿਕਰਮਦੇਵ ਸਿੰਘ, ਸਵਰਨ ਸਿੰਘ, ਲਖਵਿੰਦਰ ਖਾਨਪੁਰ ਨੇ ਐਲਾਨ ਕਿ ਸਾਂਝੇ ਫਰੰਟ ਵੱਲੋਂ ਪਹਿਲਾਂ ਤੋਂ ਕੀਤੇ ਐਲਾਨ ਮੁਤਾਬਿਕ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਤੇ ਵਿਧਾਨ ਸਭਾ ਵੱਲ ਮਾਰਚ ਵਿੱਚ ਪਟਿਆਲਾ ਜਿਲੇ ਵਿੱਚ ਹਜਾਰਾਂ ਮੁਲਾਜਮਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।

# ਲੰਮੇ ਸਮੇਂ ਤੋਂ ਕਾਂਗਰਸ ਭਵਨ ਉਡੀਕ ਰਿਹਾ ਹੈ ਪਾਰਟੀ ਨੇਤਾਵਾਂ ਨੂੰ

## ਲੀਡਰ ਆਪੋ-ਆਪਣੇ ਘਰਾਂ ਵਿੱਚ ਬਣੇ ਦਫਤਰਾਂ ਤੋਂ ਚਲਾ ਰਹੇ ਨੇ ਸਿਆਸਤ

**ਸੁਨਾਮ/ਵਰਮਾ**

ਲੰਬੇ ਸਮੇਂ ਤੋਂ ਸੁਨਾਮ ਦੇ ਕਾਂਗਰਸੀ ਨੇਤਾਵਾਂ ਦੀ ਸਿਆਸਤ ਆਪੋ-ਆਪਣੇ ਘਰਾਂ ਤੋਂ ਹੀ ਚਲਦੀ ਆ ਰਹੀ ਹੈ। ਇਹ ਸਿਲਸਿਲਾ ਹੁਣ ਤੱਕ ਜਾਰੀ ਹੈ। ਸਮੇਂ-ਸਮੇਂ ਤੇ ਕਾਂਗਰਸ ਪਾਰਟੀ ਨੂੰ ਕਾਂਗਰਸੀ ਨੇਤਾਵਾਂ ਦੀ ਆਪਸੀ ਗੁੱਟਬਾਜ਼ੀ ਕਾਰਨ ਨੁਕਸਾਨ ਝੱਲਣਾ ਪਿਆ ਹੈ। ਸਥਾਨਕ ਸ਼ਹਿਰ ਵਿੱਚ ਲੱਗਭੱਗ 25-30 ਸਾਲਾਂ ਤੋਂ ਸੁਨਾਮ ਹਲਕੇ ਦਾ ਕਾਂਗਰਸ ਭਵਨ ਕਾਲਜ ਰੋਡ ਤੇ ਬਣਿਆ ਹੋਇਆ ਹੈ। ਪਰ ਅਕਸਰ ਹੀ ਉਸ ਤੇ ਤਾਲਾ ਜੜ੍ਹਿਆ ਰਹਿੰਦਾ ਦਿਖਾਈ ਦਿੰਦਾ ਹੈ। ਇਸ ਭਵਨ ਵਿੱਚ ਕਾਂਗਰਸ ਪਾਰਟੀ ਦੀਆਂ ਬਹੁਤ ਹੀ ਘੱਟ ਮੀਟਿੰਗਾਂ ਹੁੰਦੀਆਂ ਹਨ। ਜ਼ਿਕਰਯੋਗ ਹੈ ਸੁਨਾਮ ਹਲਕਾ ਅਕਾਲੀ ਦਲ ਦਾ ਮਜਬੂਤ ਗੜ੍ਹ ਮੰਨਿਆ ਜਾਂਦਾ ਸੀ। ਜਿਸ ਨੂੰ ਢਾਅ ਲਗਾਉਣੀ ਬਹੁਤ ਮੁਸ਼ਕਿਲ ਸੀ। ਪਰ ਕਾਂਗਰਸ ਪਾਰਟੀ ਨੂੰ ਭਗਵਾਨ ਦਾਸ ਅਰੋੜਾ ਨੇ ਮਜਬੂਤ ਕੀਤਾ, ਪਰ ਉਨ੍ਹਾਂ ਦੀ ਸਿਆਸਤ ਵੀ ਆਪਣੇ ਘਰ ਵਿੱਚ ਬਣੇ ਦਫਤਰ ਤੋਂ ਹੀ ਚਲਦੀ ਰਹੀ। ਬਾਬੂ ਭਗਵਾਨ ਦਾਸ ਅਰੋੜਾ ਨੇ ਸਾਲ 1992 ਅਤੇ 1997 ਵਿੱਚ ਵਿਧਾਨਸਭਾ ਚੋਣਾਂ ਜਿੱਤੀਆਂ ਅਤੇ ਮੰਤਰੀ ਵੀ ਬਣੇ। ਪਰ ਬਾਬੂ ਭਗਵਾਨ ਦਾਸ ਅਰੋੜਾ ਦੀ ਮੌਤ ਤੋਂ ਬਾਅਦ ਕਾਂਗਰਸ ਪਾਰਟੀ ਮੁੜ ਹਲਕੇ ਵਿੱਚ ਕਮਜ਼ੋਰ ਹੋ ਗਈ। ਭਗਵਾਨ ਦਾਸ ਅਰੋੜਾ ਦੇ ਪੁੱਤਰ ਅਮਨ ਅਰੋੜਾ ਨੇ ਕਾਂਗਰਸ ਦੀ ਕਮਾਨ ਸੰਭਾਲੀ। ਪਰ ਕਾਂਗਰਸ ਹਾਈਕਮਾਨ ਨੇ ਭਗਵਾਨ ਦਾਸ ਅਰੋੜਾ ਦੀ ਪਤਨੀ ਸ਼੍ਰੀਮਤੀ ਪਰਮੇਸ਼ਵਰੀ ਦੇਵੀ ਨੂੰ ਸਾਲ 2000 ਵਿੱਚ ਵਿਧਾਨਸਭਾ ਜਿਮਨੀ ਚੋਣਾਂ ਦੀ ਟਿਕਟ ਦਿੱਤੀ। ਪਰ ਚੋਣਾਂ ਵਿੱਚ ਉਨ੍ਹਾਂ ਨੂੰ ਹਾਰ ਮਿਲੀ ਅਤੇ ਉਸ ਤੋਂ ਬਾਅਦ ਕਾਂਗਰਸ ਵਿੱਚ ਗੁੱਟਬਾਜ਼ੀ ਵਧਣ ਲਗੀ। ਅਮਨ ਅਰੋੜਾ ਅਤੇ ਉਨ੍ਹਾਂ ਦੇ ਜੀਜਾ ਰਾਜਿੰਦਰ ਦੀਪਾ ਨੇ ਕਾਂਗਰਸ ਦੀ ਟਿਕਟ ਲਈ ਆਪੋ-ਆਪਣੀ ਦਾਅਵੇਦਾਰੀ ਠੋਕ ਦਿੱਤੀ ਸੀ। ਜਿਸ ਨਾਲ ਸੁਨਾਮ ਕਾਂਗਰਸ ਦੀ ਸਿਆਸਤ ਪੂਰੀ ਤਰ੍ਹਾਂ ਗਰਮਾਈ ਰਹੀ। ਪਰ ਕਾਂਗਰਸ ਹਾਈ ਕਮਾਨ ਨੇ ਅਮਨ ਅਰੋੜਾ ਦੀ ਭੈਣ ਅਤੇ ਰਜਿੰਦਰ ਦੀਪਾ ਦੀ ਧਰਮਪਤਨੀ ਸੋਨੀਆ ਦੀਪਾ ਅਰੋੜਾ ਨੂੰ ਸਾਲ 2002 ਵਿੱਚ ਟਿਕਟ ਦਿੱਤੀ। ਪਰ ਉਹ ਵੀ ਚੋਣਾਂ ਜਿੱਤਣ ਵਿੱਚ ਕਾਮਯਾਬ ਨਾ ਹੋ ਸਕੀ। ਫੇਰ 2007 ਵਿੱਚ ਅਮਨ ਅਰੋੜਾ ਨੂੰ ਟਿਕਟ ਦਿੱਤੀ ਗਈ । ਪਰ ਉਹ ਹਾਰ ਗਏ। ਫੇਰ ਦੁਬਾਰਾ 2012 ਵਿੱਚ ਅਮਨ ਅਰੋੜਾ ਨੂੰ ਟਿਕਟ ਦਿੱਤੀ ਗਈ। ਪਰ ਅਮਨ ਦੇ ਜੀਜਾ ਰਾਜਿੰਦਰ ਦੀਪਾ ਨੂੰ ਟਿਕਟ ਨਾ ਮਿਲਣ ਕਰਕੇ ਗੁੱਟਬਾਜੀ ਹੋਰ ਵਧ ਗਈ ਅਤੇ ਦੀਪਾ ਆਜਾਦ ਉਮੀਦਵਾਰ ਵਜੋਂ ਖੜ੍ਹੇ ਹੋ ਗਏ। ਜਿਸ ਕਾਰਨ ਇੱਕ ਵਾਰ ਫੇਰ ਕਾਂਗਰਸ ਦੇ ਹੱਥ ਨਿਰਾਸ਼ਾ ਹੀ ਲੱਗੀ। ਅਮਨ ਅਰੋੜਾ ਚੋਣ ਹਾਰ ਗਏ। ਰਜਿੰਦਰ ਦੀਪਾ ਰਾਜਨੀਤੀ ਵਿੱਚ ਸਰਗਰਮ ਰਹੇ ਅਤੇ ਉਨ੍ਹਾਂ ਨੇ ਵੀ ਅਮਨ ਅਰੋੜਾ ਦੀ ਕੋਠੀ ਦੇ ਸਾਹਮਣੇ ਹੀ ਆਪਣੇ ਘਰ ਵਿੱਚ ਦਫਤਰ ਖੋਲ੍ਹਿਆ ਅਤੇ ਉਥੋਂ ਹੀ ਉਨ੍ਹਾਂ ਨੇ ਵੀ ਸਿਆਸਤ ਚਲਾਈ।



ਅਮਨ ਅਰੋੜਾ ਨੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਆਮ ਆਦਮੀ ਪਾਰਟੀ ਨੇ ਅਮਨ ਅਰੋੜਾ ਤੇ ਵਿਸ਼ਵਾਸ ਜਤਾਇਆ ਅਤੇ ਉਨ੍ਹਾਂ ਨੂੰ ਸਾਲ 2017 ਵਿਧਾਨ ਸਭਾ ਚੋਣਾਂ ਦੀ ਟਿਕਟ ਦਿੱਤੀ ਅਤੇ ਅਮਨ ਅਰੋੜਾ ਸ਼ਾਨਦਾਰ ਜਿੱਤ ਪ੍ਰਾਪਤ ਕਰ ਕੇ ਸੁਨਾਮ ਹਲਕੇ ਦੇ ਵਿਧਾਇਕ ਬਣ ਗਏ। ਉਨ੍ਹਾਂ ਦਾਮਨ ਥਿੰਦ ਬਾਜਵਾ (ਕਾਂਗਰਸ ) ਨੂੰ ਹਰਾਇਆ। ਜਦੋਂ ਕਿ ਰਾਜਿੰਦਰ ਦੀਪਾ ਕਾਂਗਰਸ ਦੀ ਟਿਕਟ ਨਾ ਮਿਲਣ ਤੇ ਨਾਰਾਜਗੀ ਕਾਰਨ ਨਿਰਾਸ਼ ਹੋ ਕੇ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਏ। ਜੇਕਰ ਗੱਲ ਕਰੀਏ ਮੌਜੂਦਾ ਹਾਲਾਤਾਂ ਦੀ ਤਾਂ ਕਾਂਗਰਸ ਪਾਰਟੀ ਦੀ ਨੇਤਾ ਦਾਮਨ ਥਿੰਦ ਬਾਜਵਾ ਨੂੰ ਕਾਂਗਰਸ ਪਾਰਟੀ ਵੱਲੋਂ 2017 ਦੀਆਂ ਵਿਧਾਨਸਭਾ ਚੋਣਾਂ ਵਿੱਚ ਉਤਾਰਿਆ ਗਿਆ। ਪਰ ਉਨ੍ਹਾਂ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਸੀ। ਸੁਨਾਮ ਹਲਕੇ ਵਿੱਚ ਕਾਂਗਰਸ ਪਾਰਟੀ ਦੀ ਕਮਾਨ ਦਾਮਨ ਥਿੰਦ ਬਾਜਵਾ ਦੇ ਹੱਥ ਰਹੀ ਅਤੇ ਹਲਕੇ ਵਿੱਚ ਸਰਗਰਮ ਰਹੇ। ਬਾਜਵਾ ਨੇ ਵੀ ਆਪਣੀ ਸਿਆਸਤ ਆਪਣੇ ਘਰ ਵਿੱਚ ਬਣੇ ਦਫਤਰ ਤੋਂ ਹੀ ਚਲਾਈ, ਜੋ ਹੁਣ ਤੱਕ ਜਾਰੀ ਹੈ। ਜਿਹਨਾਂ ਦਾ ਘਰ ਸ਼ਹਿਰ ਤੋਂ ਲੱਗਭੱਗ 2 ਕਿਲੋਮੀਟਰ ਦੂਰ ਹੈ। ਦੂਸਰੇ ਪਾਸੇ ਗੱਲ ਕਰੀਏ ਕਾਂਗਰਸ ਪਾਰਟੀ ਦੇ ਜ਼ਿਲਾ ਪ੍ਰਧਾਨ ਰਾਜਿੰਦਰ ਸਿੰਘ ਰਾਜਾ (ਬੀਰਕਲਾਂ) ਦੀ। ਉਹ ਵੀ ਸੁਨਾਮ ਹਲਕੇ ਤੋਂ ਖੁਦ ਨੂੰ ਕਾਂਗਰਸ ਪਾਰਟੀ ਦੀ ਟਿਕਟ ਦਾ ਮਜਬੂਤ ਦਾਅਵੇਦਾਰ ਮੰਨਦੇ ਹਨ। ਰਾਜਿੰਦਰ ਰਾਜਾ ਵੀ ਆਪਣੇ ਘਰ ਵਿੱਚ ਬਣੇ ਦਫਤਰ ਵਿਚੋਂ ਹੀ ਸਿਆਸਤ ਚਲਾ ਰਹੇ ਹਨ। ਸੁਨਾਮ ਵਿੱਚ ਹੁਣ ਵੀ ਕਾਂਗਰਸ ਦੇ ਦੋ ਧੜੇ ਮੰਨੇ ਜਾਂਦੇ ਨੇ। ਜਿਨ੍ਹਾਂ ਵਿੱਚ ਇੱਕ ਦਾਮਨ ਥਿੰਦ ਬਾਜਵਾ ਦਾ ਧੜਾ ਅਤੇ ਦੂਜਾ ਰਾਜਿੰਦਰ ਸਿੰਘ ਰਾਜਾ (ਬੀਰਕਲਾਂ) ਦਾ ਧੜਾ ਮੰਨਿਆ ਜਾਂਦਾ ਹੈ। ਹੁਣ ਸ਼ਹਿਰ ਦੇ ਕਾਂਗਰਸੀ ਵਰਕਰ ਅਤੇ ਲੋਕ ਇਹ ਚਾਹੁੰਦੇ ਹਨ ਕਿ ਹਲਕੇ ਦੇ ਕਾਂਗਰਸ ਪਾਰਟੀ ਦੇ ਸਾਰੇ ਨੇਤਾ ਕਾਂਗਰਸ ਭਵਨ ਵਿੱਚ ਬੈਠਣ। ਤਾਂ ਜੋ ਹਲਕੇ ਦੇ ਲੋਕ ਇੱਕ ਥਾਂ ਤੇ ਉਹਨਾਂ ਨੂੰ ਮਿਲ ਕੇ ਆਪਣੀਆਂ ਦੁੱਖ-ਤਕਲੀਫਾਂ ਦੱਸ ਸਕਣ ਅਤੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕੀਤਾ ਜਾ ਸਕੇ।

***ਕੀ ਕਹਿੰਦੇ ਨੇ ਕਾਂਗਰਸ ਦੇ ਬਲਾਕ ਪ੍ਰਧਾਨ ਸੰਜੈ ਗੋਇਲ ਖਡਿਆਲੀਆ***

ਸੰਜੈ ਗੋਇਲ ਨੇ ਦੱਸਿਆ ਕਿ ਸੁਨਾਮ ਵਿੱਚ ਜੋ ਕਾਂਗਰਸ ਭਵਨ ਬਣਾਇਆ ਗਿਆ ਸੀ, ਉਹ ਉਦੋਂ ਹੀ ਖੋਲਿਆ ਜਾਂਦਾ ਹੈ ਜਦੋਂ ਪਾਰਟੀ ਵੱਲੋਂ ਕਿਸੇ ਮੀਟਿੰਗ ਦਾ ਸੱਦਾ ਆਉਂਦਾ ਹੈ ਜਾਂ ਫੇਰ 15 ਅਗਸਤ 26 ਜਨਵਰੀ ਤੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਉੱਥੇ ਸਥਾਈ ਤੌਰ ਤੇ ਕੋਈ ਸਟਾਫ ਨਹੀਂ ਹੈ, ਫ਼ੰਡ ਦੀ ਕਮੀ ਹੈ, ਪਾਰਟੀ ਵੱਲੋਂ ਦਫਤਰ ਲਈ ਕੋਈ ਫ਼ੰਡ ਨਹੀਂ ਜਾਰੀ ਕੀਤਾ ਜਾਂਦਾ। ਹੁਣ ਤੱਕ ਉਹਨਾਂ ਦੇ ਕਰੀਬ 11 ਸਾਲਾਂ ਦੇ ਕਾਰਕਾਲ ਦੌਰਾਨ ਪਾਰਟੀ ਦੀਆਂ ਲੱਗਭੱਗ 60 ਮੀਟਿੰਗਾਂ ਕੀਤੀਆਂ ਗਈਆਂ ਹਨ। ਇਨ੍ਹਾਂ ਉੱਤੇ ਜੋ ਪੈਸਾ ਖਰਚ ਹੁੰਦਾ ਹੈ, ਉਹ ਆਪਣੇ ਕੋਲੋਂ ਲਗਾਉਂਦੇ ਆ ਰਹੇ ਹਨ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਭੇਤ ਭਰੇ ਹਾਲਾਤ ਦੇ ਵਿੱਚ ਚਾਰ ਮੱਝਾਂ ਅਤੇ ਇਕ ਝੋਟੇ ਦੀ ਮੌਤ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਧਰਮਕੋਟ ਤੇ ਲਾਗਲੇ ਪਿੰਡ ਪਿੰਡ ਗੱਟੀ ਜੱਟਾਂ ਵਿਖੇ ਦੁਧਾਰੂ ਪਸ਼ੂਆਂ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ ਜਾਣਕਾਰੀ ਦੇਂਦਿਆਂ ਹੋਇਆਂ ਪਰਿਵਾਰਕ ਮੈਂਬਰਾਂ ਦਾ ਪਿੰਡ ਵਾਸੀਆਂ ਦੀ ਹਾਜ਼ਰੀ ਦੇ ਵਿੱਚ ਦੱਸਿਆ ਕਿ ਪਿਛਲੇ ਤਿੰਨ ਚਾਰ ਦਿਨਾਂ ਦੇ ਵਿੱਚ ਉਨ੍ਹਾਂ ਦੀ 1ਸੱਜਰ ਸੂਈ ਮੱਝ 2 ਝੋਟੀਆਂ ਇੱਕ ਸੂਣ ਵਾਲੀ ਮੱਝ ਅਤੇ ਇੱਕ ਕੱਟਾ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿਵੇਂ ਮਰ ਗਏ ਜਿਸ ਕਾਰਨ ਪਿੰਡ ਵਾਸੀਆਂ ਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ ਇਸ ਮੌਕੇ ਪੀੜਤ ਪਰਿਵਾਰ ਤੇ ਮੁਖੀ ਸੰਤਾ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਸਾਲ ਉਨ੍ਹਾਂ ਦੇ ਨੌਜਵਾਨ ਪੁੱਤਰ ਦਾ ਐਕਸੀਡੈਂਟ ਹੋ ਗਿਆ ਸੀ ਅਤੇ ਉਸ ਦਾ ਇਲਾਜ ਬੜੀ ਹੀ ਮੁਸ਼ਕਿਲ ਦੇ ਨਾਲ ਪੈਸੇ ਇਕੱਠੇ ਕਰ ਕੇ ਕਰਵਾਇਆ ਗਿਆ ਸੀ ਜੋ ਕਿ ਹਾਲੇ ਕੋਈ ਕੰਮਕਾਰ ਨਹੀਂ ਕਰ ਸਕਦਾ ਅਤੇ ਹੁਣ ਉਨ੍ਹਾਂ ਦਾ ਗੁਜਾਰਾ ਸਿਰਫ ਇਨ੍ਹਾਂ ਮੱਝਾਂ ਦੇ ਸਿਰ ਤੇ ਹੋ ਰਿਹਾ ਸੀ ਉਨ੍ਹਾਂ ਦੀਆਂ ਦੋ ਜਵਾਨ ਪੋਤੀਆਂ ਵੀ ਵਿਆਹੁਣ ਦੇ ਯੋਗ ਹਨ ਬਜੁਰਗ ਸੰਤਾ ਸਿੰਘ ਨੇ ਭਰੇ ਹੋਏ ਮਨ ਨਾਲ ਕਿਹਾ ਕੀ ਉਹ ਪਹਿਲਾਂ ਹੀ ਬਹੁਤ ਹੀ ਆਰਥਿਕ ਤੰਗੀ ਦੇ ਵਿੱਚੋਂ ਗੁਜ਼ਰ ਰਹੇ ਹਨ ਅਤੇ ਘਰ ਦਾ ਗੁਜ਼ਾਰਾ ਬੜੀ ਹੀ ਮੁਸ਼ਕਲ ਨਾਲ ਚੱਲ ਰਿਹਾ ਸੀ ਉਨ੍ਹਾਂ ਦੇ ਪੰਜਾਂ ਪਸ਼ੂਆਂ ਦੀ ਅਚਾਨਕ ਹੋਈ ਮੌਤ ਨਾਲ ਉਨ੍ਹਾਂ ਦੇ ਉੱਪਰ ਦੁੱਖਾਂ ਦਾ ਪਹਾੜ ਟੁੱਟ ਪਿਆ ਸੰਤਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪਸ਼ੂਆਂ ਨੂੰ ਦੱਸ ਪੰਦਰਾਂ ਦਿਨ ਪਹਿਲਾਂ ਗਲ ਘੋਟੂ ਟੀਕੇ ਵੀ ਲਵਾਏ ਸਨ ਇਸ ਬਾਬਤ ਪਿੰਡ ਦੇ ਸਰਪੰਚ ਬਿਮਲ ਸਿੰਘ ਅਤੇ ਮੈਂਬਰ ਪੰਚਾਇਤ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਇਹ ਪਰਿਵਾਰ ਤਾਂ ਪਹਿਲਾਂ ਹੀ ਬਹੁਤ ਆਰਥਿਕ ਤੰਗੀ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਇਨ੍ਹਾਂ ਦੇ ਘਰ ਦਾ ਗੁਜ਼ਾਰਾ ਤਾਂ ਪਹਿਲਾਂ ਹੀ ਬੜੀ ਮੁਸ਼ਕਲ ਨਾਲ ਚਲਦਾ ਹੈ ਉਨ੍ਹਾਂ ਨੇ ਸਮੂਹ ਰਾਜਸੀ ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਇਸ ਪਰਿਵਾਰ ਦੀ ਵੱਧ ਤੋਂ ਵੱਧ ਸਹਾਇਤਾ ਕੀਤੀ ਜਾਵੇ।



# ਝੋਨੇ ਦੀ ਖਰੀਦ ਲਈ ਮਾਪਦੰਡ ਸਖਤ ਕੀਤੇ ; ਖਰੀਦ ਬੰਦ ਕਰਨ ਵੱਲ ਵਧ ਰਹੀ ਹੈ ਸਰਕਾਰ : ਕਿਸਾਨ ਆਗੂ



■ ਸਰਕਾਰ ਯੂਰੀਆ ਖਾਦ ਦੀ ਕਿੱਲਤ ਤੁਰੰਤ ਦੂਰ ਕਰੇ : ਕਿਸਾਨ ਆਗੂ

■ ਚੈਕਾਂ ਰਾਹੀਂ ਬੁਢਾਪਾ ਪੈਨਸ਼ਨ ਦੇ ਭੁਗਤਾਨ ਕਾਰਨ ਬਜ਼ੁਰਗਾਂ ਦੀ ਖੱਜਲ-ਖੁਆਰੀ ਹੋਵੇਗੀ ; ਅਹਿਸਾਨ ਜਤਾਉਣ ਦਾ ਕੋਝਾ ਹੱਥਕੰਡਾ: ਕਿਸਾਨ ਆਗੂ

**ਚੰਡੀਗੜ੍ਹ/ਲੋਕ ਬਾਣੀ**

ਕਿਸਾਨੀ-ਧਰਨੇ 324ਵੇਂ ਦਿਨ ਵੀ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਜਾਰੀ ਰਹੇ। ਅੱਜ ਧਰਨੇ ਵਿੱਚ ਕੇਂਦਰ ਸਰਕਾਰ ਵੱਲੋਂ ਆਉਂਦੇ ਸ਼ੀਜਨ 'ਚ ਝੋਨੇ ਦੀ ਖਰੀਦ ਸਬੰਧੀ ਪੰਜਾਬ ਸਰਕਾਰ ਨੂੰ ਭੇਜੀ ਚਿੱਠੀ ਦਾ ਮੁੱਦਾ ਭਾਰੂ ਰਿਹਾ। ਕੇਂਦਰ ਸਰਕਾਰ ਨੇ ਝੋਨਾ ਖਰੀਦ ਲਈ ਤੈਅ ਮਾਪਦੰਡ ਹੋਰ ਸਖਤ ਕਰ ਦਿੱਤੇ ਹਨ। ਕੰਕਰ/ਰੋੜ ਆਦਿ ਦੀ ਮਾਤਰਾ 2 ਤੋਂ ਘਟਾ ਕੇ 1 %; ਬਦਰੰਗ ਤੇ ਟੋਟੇ ਦੀ ਮਾਤਰਾ 5 ਤੋਂ ਘਟਾ ਕੇ 3% ਅਤੇ ਨਮੀ ਦੀ ਮਾਤਰਾ 17 ਤੋਂ ਘਟਾ ਕੇ 16 ਫੀ ਸਦੀ ਕਰ ਦਿੱਤੀ ਹੈ। ਇਸੇ ਤਰ੍ਹਾਂ ਝੋਨੇ ਦੀ ਸ਼ੈਲਿੰਗ ਬਾਅਦ ਸ਼ੈਲਰਾਂ ਵਾਲੇ ਜਿਹੜੇ ਚੌਲ ਸਰਕਾਰ ਨੂੰ ਵਾਪਸ ਕਰਦੇ ਹਨ, ਉਸ ਦੇ ਮਾਪਦੰਡ ਵੀ ਬਹੁਤ ਸਖਤ ਕਰ ਦਿੱਤੇ ਹਨ ਬੁਲਾਰਿਆਂ ਨੇ ਕਿਹਾ ਕਿ ਝੋਨੇ ਦੀ ਖਰੀਦ ਲਈ ਤੈਅ ਮਾਪਦੰਡ ਪਹਿਲਾਂ ਹੀ ਬਹੁਤ ਸਖਤ ਹਨ। ਸਰਦੀ ਦਾ ਮੌਸਮ ਸ਼ੁਰੂ ਹੋ ਜਾਣ ਕਾਰਨ ਝੋਨੇ 'ਚ ਨਮੀ ਦੀ ਦਰ ਉਚੀ ਰਹਿੰਦੀ ਹੈ। ਕਿਸਾਨ ਕੋਲ ਝੋਨਾ ਸੁਕਾਉਣ ਲਈ ਕੋਈ ਸਾਧਨ ਤੇ ਸਮਾਂ ਨਹੀਂ ਹੁੰਦਾ। ਕੰਕਰ/ਰੋੜ ਤੇ ਬਦਰੰਗ/ ਟੋਟੇ ਆਦਿ ਦੀਆਂ ਸ਼ਰਤਾਂ ਪਹਿਲਾਂ ਹੀ ਸਖਤ ਹਨ, ਹੋਰ ਸਖਤੀ ਕਾਰਨ ਝੋਨਾ ਵੇਚਣਾ ਬਹੁਤ ਮੁਸ਼ਕਲ ਹੋ ਜਾਵੇਗਾ। ਦਰਅਸਲ ਅਜਿਹੇ ਹੱਥਕੰਡੇ ਅਪਣਾ ਕੇ ਸਰਕਾਰ ਫਸਲਾਂ ਦੀ ਖਰੀਦ ਬੰਦ ਕਰਨ ਵਲ ਵਧ ਰਹੀ ਹੈ। ਪਰ ਕਿਸਾਨ ਸਰਕਾਰ ਦੀਆਂ ਇਹ ਕੋਝੀਆਂ ਚਾਲਾਂ ਨੂੰ ਸਫਲ ਨਹੀਂ ਹੋਣ ਦੇਣਗੇ।

ਬੁਲਾਰਿਆਂ ਨੇ ਕਿਹਾ ਕਿ ਯੂਰੀਆ ਖਾਦ ਦੀ ਬਹੁਤ ਕਿੱਲਤ ਪਾਈ ਜਾ ਰਹੀ ਹੈ। ਯੂਰੀਆ ਖਾਦ ਦੀ ਘਾਟ ਕਾਰਨ ਫਸਲਾਂ ਦੇ ਝਾੜ 'ਤੇ ਬੁਰਾ ਅਸਰ ਪੈ ਸਕਦਾ ਹੈ। ਸਰਕਾਰ ਤੁਰੰਤ ਯੂਰੀਆ ਖਾਦ ਦੀ ਕਿੱਲਤ ਦੂਰ ਕਰੇ। ਕਿਸਾਨ ਆਗੂਆਂ ਨੇ ਇਨ੍ਹਾਂ ਅਖਬਾਰੀ ਰਿਪੋਰਟਾਂ ਦਾ ਵੀ ਗੰਭੀਰ ਨੋਟਿਸ ਲਿਆ ਕਿ ਅੱਗੇ ਤੋਂ ਬੁਢਾਪਾ ਪੈਨਸ਼ਨ ਦਾ ਭੁਗਤਾਨ ਚੈਕਾਂ ਰਾਹੀਂ ਕੀਤਾ ਜਾਵੇਗਾ। ਪਹਿਲਾਂ ਇਹ ਸਿੱਧੀ ਬੈਂਕ ਖਾਤੇ ਵਿੱਚ ਪਾਈ ਜਾਂਦੀ ਸੀ। ਬੁਲਾਰਿਆਂ ਨੇ ਕਿਹਾ ਇਸ ਕਰਨ ਨਾਲ ਬਜ਼ੁਰਗਾਂ ਦੀ ਖੱਜਲ-ਖੁਆਰੀ ਵਧੇਗੀ। ਸਰਕਾਰ ਬਜ਼ੁਰਗਾਂ ਨੂੰ ਭਿਖਾਰੀ ਹੋਣ ਦਾ ਅਤੇ ਖੁਦ ਨੂੰ ਦਾਤਾ ਹੋਣ ਦਾ ਅਹਿਸਾਸ ਕਰਵਾ ਅਹਿਸਾਨ ਜਤਾਉਣਾ ਚਾਹੁੰਦੀ ਹੈ। ਇਹ ਬਹੁਤ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਹੈ। ਸਰਕਾਰ ਨੂੰ ਇਹ ਫਰਮਾਨ ਤੁਰੰਤ ਵਾਪਸ ਲੈਣਾ ਚਾਹੀਦਾ ਹੈ।

# ਸਵਰਗ ਵਾਸੀ ਸ਼੍ਰੀ ਮਤੀ ਕਮਲੇਸ਼ ਰਾਣੀ ਜੀ ਦੀ ਯਾਦ ਵਿਚ ਮਿੱਲ ਗ੍ਰਾਉਂਡ ਧਾਰੀਵਾਲ ਵਿੱਚ ਜੂਨੀਅਰ ਕ੍ਰਿਕੇਟ ਟੂਰਨਾਂਮੈਂਟ ਦਾ ਕੁਆਟਰ ਫਾਇਨਲ ਮੈਚ ਖੇਡਿਆ ਗਿਆ

**ਧਾਰੀਵਾਲ /ਰਾਜਨ ਬੱਬਰ**

ਅੱਜ ਧਾਰੀਵਾਲ ਮਿੱਲ ਗ੍ਰਾਉਂਡ ਵਿੱਚ ਪਹਿਲਾਂ ਜੂਨੀਅਰ ਕ੍ਰਿਕੇਟ ਟੂਰਨਾਂਮੈਂਟ, ਧਾਰੀਵਾਲ (ਗੁਰਦਾਸਪੁਰ) ਵੱਲੋ ਕਰਵਾਇਆ ਗਿਆ। ਜਿਸ ਵਿਚ ਅੱਜ ਕੁਆਟਰ ਫਾਇਨਲ ਮੈਚ ਖੇਡਿਆ ਗਿਆ ਇਹ ਮੈਚ ਫ਼ਤਿਹ ਨੰਗਲ 11 ਅਤੇ ਇੰਡਿਅਨ ਹੇਰੀਟੇਜ ਪਬਲਿਕ ਸਕੂਲ 11 ਵਿਚਕਾਰ ਖੇਡਿਆ ਗਿਆ , ਫ਼ਤਿਹ ਨੰਗਲ 11 ਟੀਮ ਨੇ ਬਹੁਤ ਵਧਿਆ ਮੈਚ ਦਾ ਪ੍ਰਦਸ਼ਨ ਦਿਖਾਂਦੇ ਹੋਏ 49 ਦੋੜਾਂ ਨਾਲ ਜਿੱਤ ਹਾਸਿਲ ਕੀਤੀ ਤੇ ਟੀਮ ਦਾ ਹੌਸਲਾ ਵਦਾਇਆ ਅਤੇ ਸੈਮੀ ਫਾਇਨਲ ਦਾ ਖਿਤਾਬ ਆਪਣੀ ਟੀਮ ਨੂੰ ਹਾਸਿਲ ਕਰਾਇਆ, ਮੈਨ ਆਫ਼ ਦੇ ਮੈਚ ਦਾ ਖਿਤਾਬ ਕੁਨਾਲ (ਨੰਨੀ) ਜੀ ਨੂੰ ਮਿਲਿਆ, ਟੀਮ ਦਾ ਹੌਸਲਾ ਵਧਾਉਣ ਲਈ ਮੁੱਖ ਮਹਿਮਾਨ ਹਨੀ ਮਹਾਜਨ ਪੰਜਾਬ ਯੂਥ ਪ੍ਰਭਾਰੀ ਸ਼ਿਵ ਸੈਨਾ ਬਾਲ ਠਾਕਰੇ ਜੀ ਨੇ ਟੀਮ ਨੂੰ



ਜਿੱਤ ਦੀ ਵਧਾਈ ਦਿੱਤੀ ਅਤੇ ਟੀਮ ਦਾ ਹੌਸਲਾ ਵਧਾਇਆ , ਇਸ ਮੌਕੇ ਤੇ ਹਨੀ ਮਹਾਜਨ ਪੰਜਾਬ ਯੂਥ ਪ੍ਰਭਾਰੀ ਸ਼ਿਵ ਸੈਨਾ ਬਾਲ ਠਾਕਰੇ, ਨਿਤਨ ਉਧਨਵਾਲ, ਮਨਪ੍ਰੀਤ ਸਬਰਵਾਲ, ਸਪੋਰਟਸ ਯੂਥ ਆਗੂ ਆਸ਼ੂ ਧਾਰੀਵਾਲ, ਸਮਇਲ, ਫ਼ਰਾਨਸਿਸ ਆਦਿ ਹਾਜ਼ਿਰ ਸਨ।

# ਵਿਧਾਇਕ ਡਾ: ਹਰਜੋਤ ਕਮਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਯੂਥ ਕਾਂਗਰਸ ਨੇ ਆਰੰਭੀ ਪੌਦੇ ਲਗਾਉਣ ਦੀ ਵੱਡੀ ਮੁਹਿੰਮ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਮੋਗਾ ਹਲਕੇ ਦੇ ਵਿਧਾਇਕ ਡਾ: ਹਰਜੋਤ ਕਮਲ ਦੇ ਦਿਸ਼ਾ ਨਿਰਦੇਸ਼ਾਂ, ਡਾ: ਰਜਿੰਦਰ ਦੀ ਅਗਵਾਈ ਅਤੇ ਯੂਥ ਕਾਂਗਰਸ ਦੇ ਸਿਟੀ ਪ੍ਰਧਾਨ ਵਿਕਰਮਜੀਤ ਸਿੰਘ ਪੱਤੋ ਦੀ ਦੇਖ ਰੇਖ ਵਿਚ ਨੌਜਵਾਨ ਪੌਦੇ ਲਗਾਉਣ ਵਾਸਤੇ ਵੱਡੇ ਪੱਧਰ 'ਤੇ ਟੋਏ ਪੁੱਟਣ ਦੇ ਕਾਰਜ ਨੂੰ ਸਰਅੰਜਾਮ ਦੇ ਰਹੇ ਹਨ । ਮੋਗਾ ਕੋਟਕਪੂਰਾ ਬਾਈਪਾਸ ਵਾਲੀ ਸੜਕ ਦੇ ਦੋਨੋਂ ਪਾਸੀਂ ਟੋਏ ਪੁੱਟਣ ਲਈ ਬਕਾਇਦਾ ਟਰੈਕਟਰਾਂ ਦੀ ਸਹਾਇਤਾ ਲਈ ਜਾ ਰਹੀ ਹੈ । ਵਿਕਰਮਜੀਤ ਪੱਤੋ ਤੋਂ ਇਲਾਵਾ ਮੱਖਣ ਹੰਸ, ਗੁਰਦੇਵ ਬਿੱਲਾ, ਪ੍ਰਭਜੀਤ ਸਿੰਘ ,ਸੁਖਜੀਤ ਸਿੰਘ , ਪ੍ਰੀਤ ਖੋਸਾ, ਹਰਸ਼ ਖੋਸਾ ਪਾਂਡੋਂ ਅਤੇ ਵਰਿੰਦਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਨੌਜਵਾਨਾਂ ਵਿਚ ਪੌਦੇ ਲਗਾਉਣ ਦੀ ਮੁਹਿੰਮ ਪ੍ਰਤੀ ਵੱਡਾ ਉਤਸ਼ਾਹ ਹੈ ਅਤੇ ਵਿਧਾਇਕ ਡਾ: ਹਰਜੋਤ ਕਮਲ ਵੱਲੋਂ ਦਿੱਤੇ ਨਿਰਦੇਸ਼ ਕਿ ਪੌਦੇ ਲਗਾ ਕੇ ਉਹਨਾਂ ਦੀ ਸੰਭਾਲ ਜ਼ਰੂਰ ਕੀਤੀ ਜਾਵੇ , ਨੂੰ ਵੀ ਅਮਲ ਵਿਚ ਲਿਆਉਣ ਵਾਸਤੇ ਯੂਥ ਕਾਂਗਰਸ ਪੌਦਿਆਂ ਲਈ ਪਾਣੀ ਅਤੇ ਉਹਨਾਂ ਦੀ ਦੇਖ ਭਾਲ ਵਾਸਤੇ ਨਿਰੰਤਰ ਯਤਨ ਕਰੇਗੀ ਤਾਂ ਕਿ ਬਾਈਪਾਸ 'ਤੇ ਗਰੀਨ ਬੈਲਟ ਦੀ ਸਿਰਜਣਾ ਕੀਤੀ ਜਾ ਸਕੇ।

# ਪਾਕਿਸਤਾਨ ਆਪਣੇ ਵਿਕਾਸ ਦੀ ਚਿੰਤਾ ਕਰੇ : ਵਿਨੋਦ ਗੁਪਤਾ

**ਸੁਨਾਮ/ਵਰਮਾ**



ਭਾਰਤੀ ਜਨਤਾ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਅਤੇ ਬਠਿੰਡਾ ਭਾਜਪਾ ਸ਼ਹਿਰੀ ਦੇ ਇੰਚਾਰਜ ਵਿਨੋਦ ਗੁਪਤਾ ਨੇ ਲਾਹੌਰ ਵਿਖੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਕੱਟੜਵਾਦੀਆਂ ਵੱਲੋਂ ਤੋੜੇ ਤੋੜੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਸ ਨਾਲ ਪਾਕਿਸਤਾਨ ਦੀ ਕਾਲੀ ਕਰਤੂਤ ਉਜਾਗਰ ਹੋਈ ਹੈ ਜਾਣ ਦੀ ਘਟਨਾ ਦੀ ਸਖਤ ਨਿੰਦਿਆ ਕਰਦਿਆਂ ਕਿਹਾ ਕਿ ਇਸ ਨਾਲ ਪਾਕਿਸਤਾਨ ਦੀ ਕਾਲੀ ਕਰਤੂਤ ਉਜਾਗਰ ਹੋਈ ਹੈ ਉਨ੍ਹਾਂ ਕਿਹਾ ਕਿ ਪਾਕਿਸਤਾਨ ਹਮੇਸ਼ਾ ਹੀ ਭਾਰਤ ਵਿਰੁੱਧ ਸਾਜ਼ਿਸ਼ਾਂ ਰਚਦਾ ਰਿਹਾ ਹੈ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਬੁੱਤ ਨੂੰ ਤੋੜਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰੇ ਤਾਂ ਕਿ ਸਿੱਖਾਂ ਅਤੇ ਹਿੰਦੂਆਂ ਦੇ ਮਨ ਨੂੰ ਸ਼ਾਂਤੀ ਮਿਲੇ ਸਾਡੇ ਦੇਸ਼ ਵਿੱਚ ਹਰ ਧਰਮ ਦੀ ਜਨਤਾ ਦਾ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੁਸਲਮਾਨ ਜਿੰਨਾ ਭਾਰਤ ਵਿਚ ਸੁਰੱਖਿਅਤ ਹੈ, ਉਨ੍ਹਾਂ ਪਾਕਿਸਤਾਨ ਵਿੱਚ ਨਹੀਂ ਹੈ। ਪਰ ਪਾਕਿਸਤਾਨ ਵਿੱਚ ਰਹਿ ਰਹੇ ਘੱਟ ਗਿਣਤੀ ਦੇ ਲੋਕ ਹਿੰਦੂ ਅਤੇ ਸਿੱਖ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ । ਗੁਪਤਾ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਦੀ ਸੁਰੱਖਿਆ ਲਈ ਵਚਨਬੱਧ ਹੈ। ਅਫਗਾਨਿਸਤਾਨ ਵਿਚ ਜੋ ਘਟਨਾਕ੍ਰਮ ਹੋ ਰਹੇ ਹਨ ਉਸ ਸਬੰਧੀ ਹਰ ਭਾਰਤੀ ਚਿੰਤਤ ਹੈ। ਪਾਕਿਸਤਾਨ ਨੂੰ ਚਾਹੀਦਾ ਹੈ ਕਿ ਉਹ ਪਾਕਿਸਤਾਨ ਦੇ ਵਿਕਾਸ ਦੀ ਚਿੰਤਾ ਕਰੇ। ਨਾ ਕਿ ਅੱਤਵਾਦੀਆਂ ਨੂੰ ਸਹਿ ਦੇਣ ਦਾ ਕੰਮ ਕਰੇ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਆਪਣੀਆਂ ਭੈੜੀਆਂ ਹਰਕਤਾਂ ਤੋਂ ਬਾਜ਼ ਨਹੀਂ ਆਇਆ ਤਾਂ ਭਾਰਤ ਉਸ ਦਾ ਮੂੰਹਤੋੜ ਜਵਾਬ ਦੇਣਾ ਜਾਣਦਾ।

# ਭਵਾਨੀਗੜ੍ਹ 'ਚ ਫੋਟੋਗ੍ਰਾਫੀ ਦਿਵਸ ਮਨਾਇਆ



**ਭਵਾਨੀਗੜ੍ਹ/ਲੋਕ ਬਾਣੀ**

ਪੰਜਾਬ ਦੇ ਫੋਟੋਗ੍ਰਾਫਰਾਂ ਨੂੰ ਫੀਲਡ ਵਿੱਚ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ ਇਹ ਵਿਚਾਰ ਪੰਜਾਬ ਫੋਟੋਗ੍ਰਾਫਰਜ਼ ਐਸੋਸੀਏਸ਼ਨ ਦੇ ਨਵੇਂ ਬਣੇ ਸੂਬਾ ਪ੍ਰਧਾਨ ਰਣਧੀਰ ਸਿੰਘ ਫੱਗੂਵਾਲਾ ਨੇ ਸਥਾਨਕ ਸ਼ਹਿਰ ਵਿਖੇ ਪੰਜਾਬ ਫੋਟੋਗ੍ਰਾਫਰਜ਼ ਐਸ਼ੋਸੀਏਸ਼ਨ ਦੀ ਇਕਾਈ ਭਵਾਨੀਗੜ੍ਹ ਦੇ ਪ੍ਰਧਾਨ ਵਿਜੈ ਸਿੰਗਲਾ ਦੀ ਅਗਵਾਈ ਹੇਠ ਵਿਸ਼ਵ ਫੋਟੋਗ੍ਰਾਫੀ ਡੇ ਤੇ ਕਰਵਾਏ ਇਕ ਸਮਾਗਮ ਵਿਚ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਫੋਟੋਗ੍ਰਾਫਰਾਂ ਦੀ ਭਲਾਈ ਲਈ ਵਿਸ਼ੇਸ ਉਪਰਾਲੇ ਕਰਨ ਤੇ ਫੋਟੋਗ੍ਰਾਫੀ ਨੂੰ ਹੋਰ ਵਧਾਉਣ ਲਈ ਵੱਖ ਵੱਖ ਕੰਪਨੀਆਂ ਦੀਆਂ ਵਰਕਸ਼ਾਪਾਂ ਲਗਵਾ ਕੇ ਨਵੀਂ ਤਕਨੀਕ ਨਾਲ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਪੰਜਾਬ ਫੋਟੋਗ੍ਰਾਫਰਜ਼ ਐਸ਼ੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਸੰਜੀਵ ਕੁਮਾਰ ਲੇਖੀ ਭਾਦਸੋਂ ਨੇ ਕਿਹਾ ਕਿ ਪੰਜਾਬ ਐਸੋਸ਼ੀਏਸਨ ਦੀ ਅਗਵਾਈ ਹੇਠ ਪੰਜਾਬ ਦੀਆਂ ਇਕਾਈਆਂ ਵੱਲੋਂ ਫੋਟੋਗ੍ਰਾਫੀ ਡੇ ਤੇ ਸਮਾਜਿਕ ਭਲਾਈ ਦੇ ਕੰਮ ਵੀ ਕੀਤੇ ਜਾ ਰਹੇ ਹਨ ਜਿਵੇਂਕਿ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਗਾਉਣਾ ਸ਼ਾਮਿਲ ਹੈ। ਇਸ ਮੌਕੇ 'ਤੇ ਇੰਡੀਆ ਡੈਲੀਗੇਟ ਆਰ. ਕੇ. ਪਰਦੀਪ ਨੇ ਵਿਸ਼ਵ ਫੋਟੋਗ੍ਰਾਫੀ ਦਿਵਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਐਸੋਸੀਏਸ਼ਨ ਦੇ ਉਕਤ ਆਗੂਆਂ ਤੋਂ ਇਲਾਵਾ ਇਕਾਈ ਪ੍ਰਧਾਨ ਵਿਜੈ ਸਿੰਗਲਾ, ਸੈਕਟਰੀ ਦਵਿੰਦਰ ਰਾਣਾ, ਕੈਸ਼ੀਅਰ ਵਿਸਵ ਨਾਥ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਮੀਤ ਪ੍ਰਧਾਨ ਜਸਵਿੰਦਰ ਸਿੰਘ ਚਹਿਲ, ਜੁਆਇੰਟ ਸੈਕਟਰੀ ਕਰਮਜੀਤ ਸਿੰਘ ਲੱਕੀ, ਪੀ.ਆਰ.ਓ ਮਨਜੀਤ ਸਿੰਘ ਮਾਹੀ, ਪਰਦੀਪ ਸਿੰਘ, ਰੂਪ ਸਿੰਘ, ਸੈਂਟੀ ਗੌਰੀਆ, ਅਨੀ ਸਟੂਡੀਓ ਅਤੇ ਹੋਰ ਆਗੂਆਂ ਨੇ ਵਿਸ਼ਵ ਫੋਟੋਗ੍ਰਾਫ਼ੀ ਦਿਵਸ ਦੇ ਕੈਮਰੇ ਦੇ ਰਚੇਤਾ ਹੈਨਰੀ ਫਾਕਸ ਤਾਲਬੋਟ ਦੀ ਤਸਵੀਰ ਤੇ ਹਾਰ ਪਾ ਕੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਫੋਟੋਗ੍ਰਾਫਰਾਂ ਦੀ ਭਲਾਈ ਵਿਸ਼ੇਸ਼ ਉਪਰਾਲੇ ਕਰਨ ਦੀ ਮੰਗ ਕੀਤੀ। ਇਸ ਮੌਕੇ ਕੇਕ ਵੀ ਕੱਟਿਆ ਗਿਆ ਤੇ ਮਹਿਮਾਨ ਵਜੋਂ ਆਏ ਪੰਤਵੰਤਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਖਰਾਣਾ ਵਿਖੇ ਇੰ: ਪ੍ਰਿੰਸੀਪਲ ਤੇਜਿੰਦਰ ਸਿੰਘ ਜਸ਼ਨ ਦੀ ਅਗਵਾਈ ਵਿਚ ਕ੍ਰਿਕਟ ਦੀ ਟੀਮ ਦਾ ਗਠਨ

**■ ਸਿੱਖਿਆ ਦੇ ਖੇਤਰ ਵਿਚ ਦੇਸ਼ ਭਰ ਵਿਚੋਂ ਅੱਵਲ ਦਰਜਾ ਹਾਸਿਲ ਕਰਨ ਵਾਲਾ ਪੰਜਾਬ ਹੁਣ ਖੇਡਾਂ ਵਿਚ ਵੀ ਨਵੇਂ ਆਯਾਮ ਛੂਹੇਗਾ: ਤੇਜਿੰਦਰ ਸਿੰਘ ਜਸ਼ਨ**

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਕੋਵਿਡ ਮਹਾਂਮਾਰੀ ਦੌਰਾਨ ਘਰਾਂ ਅੰਦਰ ਬੰਦ ਰਹੇ ਵਿਦਿਆਰਥੀਆਂ ਦੇ ਮੁੜ ਸਕੂਲ ਪਰਤਣ 'ਤੇ ਪੰਜਾਬ ਸਰਕਾਰ ਵੱਲੋਂ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਮੁਹਿੰਮ ਅਧੀਨ ਸਕੂਲਾਂ ਨੂੰ ਖੇਡ ਗਰਾਂਟਾਂ ਜਾਰੀ ਕਰਦਿਆਂ ਖੇਡਾਂ ਦਾ ਸਮਾਨ ਮੁਹਈਆ ਕਰਵਾਇਆ ਗਿਆ ਹੈ ਤਾਂ ਕਿ ਵਿਦਿਆਰਥੀਆਂ ਦੀ ਬਹੁਪੱਖੀ ਸ਼ਖਸੀਅਤ ਦਾ ਨਿਰਮਾਣ ਹੋ ਸਕੇ।

ਸਿੱਖਿਆ ਮੰਤਰੀ ਸ਼੍ਰੀ ਵਿਜੇ ਇੰਦਰ ਸਿੰਗਲਾ ਦੀਆਂ ਹਦਾਇਤਾਂ 'ਤੇ ਜ਼ਿਲ ੍ਹ ਸਿੱਖਿਆ ਅਫਸਰ ਸੁਸ਼ੀਲਨਾਥ ਦੀ ਪ੍ਰੇਰਨਾ ਨਾਲ ਜ਼ਿਲੇ ਦੇ ਵੱਖ ਵੱਖ ਸਕੂਲਾਂ ਵਿਚ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਆਊਟਡੋਰ ਖੇਡਾਂ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਖਰਾਣਾ ਵਿਖੇ ਇੰ: ਪ੍ਰਿੰਸੀਪਲ ਤੇਜਿੰਦਰ ਸਿੰਘ ਜਸ਼ਨ ਦੀ ਅਗਵਾਈ ਵਿਚ ਅੱਜ ਕ੍ਰਿਕਟ ਦੀ ਟੀਮ ਦਾ ਗਠਨ ਕੀਤਾ ਗਿਆ । ਟੀਮ ਦੇ ਗਠਨ ਉਪਰੰਤ ਵਿਦਿਆਰਥੀਆਂ ਦੇ ਅਭਿਆਸ ਸੈਸ਼ਨ ਦੀ ਆਰੰਭਤਾ ਮੌਕੇ ਤੇਜਿੰਦਰ ਸਿੰਘ ਜਸ਼ਨ ਨੇ ਬਕਾਇਦਾ ਅਰਦਾਸ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਵਿਚ ਟੀਮ ਗਰਾਊਂਡ ਵਿਚ ਨਿੱਤਰੀ । ਇਸ ਮੌਕੇ ਸਟੇਟ ਐਵਾਰਡੀ ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਨੇ ਪਹਿਲਾ ਸ਼ਾਟ ਖੇਡ ਕੇ ਸਕੂਲ ਵਿਚ ਕ੍ਰਿਕਟ ਦੀ ਖੇਡ ਦਾ ਰਸਮੀਂ ਉਦਘਾਟਨ ਕੀਤਾ। ਇਸ ਮੌਕੇ ਉਹਨਾਂ ਆਖਿਆ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਸੂਬੇ ਨੇ ਸਿੱਖਿਆ ਦੇ ਖੇਤਰ ਵਿਚ ਦੇਸ਼ਭਰ ਵਿਚੋਂ ਅੱਵਲ ਦਰਜਾ ਹਾਸਿਲ ਕੀਤਾ ਹੈ ਤੇ ਹੁਣ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਤਸ਼ਾਹਿਤ ਕੀਤੇ ਜਾਣ ਸਦਕਾ ਪੰਜਾਬ ਖੇਡਾਂ ਵਿਚ ਵੀ ਨਵੇਂ ਆਯਾਮ ਛੂਹੇਗਾ। ਉਹਨਾਂ ਆਖਿਆ ਕਿ ਖੁਖਰਾਣਾ ਸਕੂਲ ਦੇ ਵਿਦਿਆਰਥੀਆਂ ਨੂੰ ਕ੍ਰਿਕਟ ਦੀ ਕੋਚਿੰਗ ਲਈ ਸਟੇਟ ਲੈਵਲ ਤੱਕ ਖੇਡੇ ਧਰਮਪ੍ਰੀਤ ਸਿੰਘ ਅਤੇ ਅਰਸ਼ਦੀਪ ਸਿੰਘ ਥੰਮਣ ਰੋਜ਼ਾਨਾ ਟਰੇਨਿੰਗ ਦੇਣਗੇ ਜਦਕਿ ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਸਰਪੰਚ ਗੁਰਤੇਜ ਸਿੰਘ ਖੁਖਰਾਣਾ ਨੇ ਕਰਨ ਦਾ ਭਰੋਸਾ ਦਿੱਤਾ ਹੈ। ਉਹਨਾਂ ਆਖਿਆ ਕਿ ਕ੍ਰਿਕਟ ਤੋਂ ਇਲਾਵਾ ਆਉਣ ਵਾਲੇ ਦਿਨਾਂ ਵਿਚ ਹੋਰਨਾਂ ਖੇਡਾਂ ਲਈ ਵੀ ਟੀਮਾਂ ਐਲਾਨ ਕੇ ਇਹ ਨਿਸ਼ਚਿਤ ਕੀਤਾ ਜਾਵੇਗਾ ਕਿ ਸਕੂਲ ਦੇ ਸਾਰੇ ਵਿਦਿਆਰਥੀ ਕਿਸੇ ਨਾ ਕਿਸੇ ਖੇਡ ਵਿਚ ਹਿੱਸਾ ਜ਼ਰੂਰ ਲੈਣ। ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਨੇ ਆਖਿਆ ਕਿ ਉਹਨਾਂ ਦੀ ਦਿਲੀ ਇੱਛਾ ਹੈ ਕਿ ਖੇਡਾਂ ਵੱਲ ਪ੍ਰੇਰਿਤ ਕਰਕੇ ਇਹਨਾਂ ਅੱਲੜ ਉਮਰ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਬਚਾਇਆ ਜਾ ਸਕੇ। ਇਸ ਮੌਕੇ ਮੈਡਮ ਸੁਖਵਿੰਦਰ ਕੌਰ, ਵਿਕਰਮਜੀਤ ਕੌਸ਼ਲ, ਸੁਰਿੰਦਰ ਸਿੰਘ, ਸੰਤੋਖ ਰਾਮ, ਗੁਰਲਾਲ ਸਿੰਘ, ਸਿਮਰਨਜੀਤ ਸਿੰਘ, ਅਮਨਦੀਪ ਕੌਰ, ਹੇਮਇੰਦਰ ਸਿੰਘ, ਹਰਵਿੰਦਰ ਸਿੰਘ, ਵਿਕਾਸ ਸ਼ਰਮਾ, ਬਲਵਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਗਿਆਰਸ ਮੌਕੇ ਖਾਟੂ ਸ਼ਿਆਮ ਦੀ ਪਹਿਲੀ ਚੌਂਕੀ ਦਾ ਆਯੋਜਨ

## 'ਮੋਰ ਛੜੀ ਨਾਲ ਖੁੱਲਦੇ ਤਾਲੇ' ਭਜਨ ਨੇ ਭਗਤਾਂ ਨੂੰ ਝੂਮਣ ਲਈ ਕੀਤਾ ਮਜ਼ਬੂਰ



**ਲਹਿਰਾਗਾਗਾ/ਵਰਮਾ**

ਬੀਤੀ ਰਾਤ ਸ਼ਹਿਰ ਲਹਿਰਾਗਾਗਾ ਵਿਚ ਖਾਟੂ ਸ਼ਾਮ ਵੈਲਫੇਅਰ ਕੱਲਬ ਵਲੋਂ ਮਾਂ ਨੈਣਾ ਦੇਵੀ ਮੰਦਰ ਵਿਚ ਗਿਆਰਸ ਮੌਕੇ ਬਾਬਾ ਖਾਟੂ ਸ਼ਿਆਮ ਜੀ ਦੀ ਮੂਰਤੀ ਸਥਾਪਨਾ ਤੋਂ ਬਾਅਦ ਪਹਿਲੀ ਵਿਸ਼ਾਲ ਚੌਂਕੀ ਧੂਮ ਧਾਮ ਨਾਲ ਲਗਾਈ ਗਈ ।ਜਿਸ ਵਿਚ ਭਗਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ।ਇਸ ਮੌਕੇ ਪ੍ਰਸਿੱਧ ਭਜਨ ਗਾਇਕ ਰਾਮੇਸ਼ਵਰ ਸ਼ਰਮਾ ਅਤੇ ਉਸਦੀ ਕੀਰਤਨ ਪਾਰਟੀ ਨੇ ਭਗਤਾਂ ਨੂੰ ਖਾਟੂ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਮੋਰ ਛੜੀ ਨਾਲ ਖੁੱਲਦੇ ਤਾਲੇ ਭਜਨ ਨਾਲ ਭਗਤਾਂ ਨੂੰ ਝੂਮਣ ਲਈ ਮਜ਼ਬੂਰ ਕਰ ਦਿੱਤਾ ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੱਲੀ ਬਾਬਾ ਜੀ ਦੀ ਜੋਤ ਵਿੱਚੋਂ ਮਾਂ ਨੈਣਾ ਦੇਵੀ ਨੇ ਭਗਤਾਂ ਨੂ ਦਰਸ਼ਨ ਦਿੱਤੇ ।ਜਿਸ ਨੂੰ ਦੇਖ ਕੇ ਭਗਤਾਂ ਵਿਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਜੋਤ ਦੀ ਤਸਵੀਰ ਸ਼ਹਿਰ ਵਿਚ ਵਾਇਰਲ ਹੋ ਗਈ ।ਇਸ ਮੌਕੇ ਬਾਬਾ ਜੀ ਦਾ ਸੁੰਦਰ ਭਵਨ, ਸੁੰਦਰ ਲਾਈਟਾਂ ਅਤੇ ਫੁੱਲਾਂ ਨਾਲ ਸਜਿਆ ਦਰਬਾਰ ਅਤੇ ਛੱਪਣ ਭੋਗ ਦੇਖਣ ਲਈ ਵਿਸ਼ੇਸ਼ ਆਕਰਸ਼ਣ ਦੇ ਰਹੇ ਸਨ ।ਇਸ ਮੌਕੇ ਦੀਪਕ ਜਾਖਲ, ਲਲਿਤ ਬਰੇਟਾ, ਮੋਹਿਤ ਕਾਂਸਲ, ਦੀਪੂ ਗਰਗ, ਲਲਿਤ ਸਿੰਗਲਾ, ਦੀਪਕ ਗਰਗ, ਅਜੇ ਸਿੰਗਲਾ, ਵਿੱਕੀ ਸੁਨਾਮੀਆ, ਪੰਕਜ ਬਾਂਸਲ, ਮੋਂਟੀ ਸਿੰਗਲਾ, ਗੌਰਵ ਸਿੰਗਲਾ, ਦੀਪੂ ਗਰਗ, ਕਪਿਲ ਗੋਇਲ, ਯੋਗਰਾਜ ਬਾਂਸਲ, ਰਿੰਕੂ ਬਾਂਸਲ ਤੋਂ ਇਲਾਵਾ ਹੋਰ ਵੀ ਖਾਟੂ ਸ਼ਾਮ ਭਗਤ ਅਤੇ ਮਾਂ ਨੈਣਾ ਦੇਵੀ ਮੰਡਲ ਦੇ ਸਮੂਹ ਮੈਂਬਰ ਹਾਜਰ ਸਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ
ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ,
ਮਿਲਾਪ ਚੌਕ ਜਲੰਧਰ 0181-2211009, 99155-94111